ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 400/- ਰੁਪਏ
ਦੋ ਸਾਲ ਲਈ 700/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਭਾਰਤ ਦਾ ਇਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

KHETI DUNIYAN, PATIALA

Rs. 10/-

All Disputes Subject to Patiala Jurisdiction

Excellence in Agri Info

KHETI DUNIYAN, PATIALA

ਸਾਲ 43 • ਅੰਕ 48 • ਸ਼ਨੀਵਾਰ 29 ਨਵੰਬਰ, 2025

Editor : Jagpreet Singh • Postage Regd. No. PB/PTA/0338/2025-2027 • RNI/PUNPUN00806 • Page : 8 • Mktg. Office : KD Complex, Gaushala Road, Patiala (Pb.) • E-mail : khetiduniyan1983@gmail.com • www.khetiduniyan.in



ੴ ਗੁਰਤਾ ਦੇ 350 ਸਾਲ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ 1675 - 2025

GOVT. OF PUNJAB



# 350ਵਾਂ ਸ਼ਹੀਦੀ ਦਿਹਾੜਾ

## ਸ੍ਰੀ ਗੁਰੂ ਤੇਗ਼ ਬਹਾਦਰ ਜੀ

ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ



### ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਦਾ ਵੇਰਵਾ

**25 ਨਵੰਬਰ, 2025**

- ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਸੰਪੂਰਨਤਾ
- ਸੂਬਾ ਪੱਧਰੀ ਖ਼ੂਨਦਾਨ ਮੁਹਿੰਮ
- 3.50 ਲੱਖ ਬੂਟੇ ਲਾਉਣ ਦੀ ਸੂਬਾ ਪੱਧਰੀ ਮੁਹਿੰਮ
- ਗੁਰਬਾਣੀ ਕੀਰਤਨ
- ਸਰਬੱਤ ਦਾ ਭਲਾ ਇਕੱਤਰਤਾ
- ਡਰੋਨ ਸ਼ੋਅ

### ਸ੍ਰੀ ਅੰਮ੍ਰਿਤਸਰ ਸਾਹਿਬ ਅੰਦਰੂਨ ਸ਼ਹਿਰ, ਤਲਵੰਡੀ ਸਾਬੋ ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਫੈਸਲਾ

### ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਸਮਾਗਮ ਅਤੇ ਉਪਰਾਲੇ

- ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਸੂਬਿਆਂ ਵਿੱਚ ਸਮਾਗਮ ਕਰਵਾਏ ਗਏ
- ਸਮਾਗਮਾਂ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਨਵੀਂ ਦਿੱਲੀ ਤੋਂ ਕੀਤੀ ਗਈ
- ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਵਿਖੇ ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਗਿਆ
- ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ 142 ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਲਈ 71 ਕਰੋੜ ਰੁਪਏ ਦਿੱਤੇ ਗਏ। ਹਰੇਕ ਪਿੰਡ ਅਤੇ ਸ਼ਹਿਰ ਨੂੰ 50 ਲੱਖ ਰੁਪਏ ਦਿੱਤੇ ਗਏ
- 1 ਨਵੰਬਰ ਤੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਗਏ, ਹੁਣ ਇਹ ਸ਼ੋਅ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਮਹਾਨ ਜੀਵਨ ਅਤੇ ਫ਼ਲਸਫ਼ੇ ਨੂੰ ਰੂਪਮਾਨ ਕੀਤਾ ਗਿਆ ਹੈ
- ਗੁਰੂ ਸਾਹਿਬ ਜੀ ਦੇ ਚਰਨ ਛੋਹ ਪ੍ਰਾਪਤ ਨਗਰਾਂ ਅਤੇ ਸ਼ਹਿਰਾਂ ਵਿੱਚ ਕੀਰਤਨ ਸਮਾਗਮ ਕਰਵਾਏ ਗਏ
- 18 ਨਵੰਬਰ ਨੂੰ ਸ੍ਰੀਨਗਰ (ਜੰਮੂ-ਕਸ਼ਮੀਰ) ਵਿੱਚ ਕੀਰਤਨ ਦਰਬਾਰ ਕਰਵਾਇਆ ਗਿਆ। 19 ਨਵੰਬਰ ਨੂੰ ਸ੍ਰੀਨਗਰ ਤੋਂ ਨਗਰ ਕੀਰਤਨ ਸਜਾਇਆ ਗਿਆ। 20 ਨਵੰਬਰ ਨੂੰ ਤਲਵੰਡੀ ਸਾਬੋ, ਫ਼ਰੀਦਕੋਟ ਅਤੇ ਗੁਰਦਾਸਪੁਰ ਤੋਂ ਤਿੰਨ ਨਗਰ ਕੀਰਤਨ ਸਜਾਏ ਗਏ। ਇਹ ਚਾਰੇ ਨਗਰ ਕੀਰਤਨ 22 ਨਵੰਬਰ ਦੀ ਸ਼ਾਮ ਅਤੇ 23 ਨਵੰਬਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਪਹੁੰਚ ਕੇ ਸੰਪੂਰਨ ਹੋਏ
- ਸ੍ਰੀ ਅਨੰਦਪੁਰ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਵਾਲੇ ਸ਼ਰਧਾਲੂਆਂ ਦੇ ਠਹਿਰਾਅ ਲਈ ਟੈਂਟ ਸਿਟੀ ਬਣਾਈ ਗਈ, ਜਿਸ ਦਾ ਨਾਮ 'ਚੱਕ ਨਾਨਕੀ' ਰੱਖਿਆ ਗਿਆ ਹੈ
  - ਇਸ ਪਵਿੱਤਰ ਨਗਰੀ ਵਿੱਚ ਸਰਬ ਧਰਮ ਸੰਮੇਲਨ ਕਰਵਾਇਆ ਗਿਆ
  - ਗੁਰੂ ਸਾਹਿਬ ਦੇ ਜੀਵਨ ਤੇ ਫਲਸਫ਼ੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਡਰੋਨ ਸ਼ੋਅ ਕਰਵਾਏ ਗਏ
  - ਕੀਰਤਨ ਦਰਬਾਰ, ਕਥਾ, ਗੱਤਕਾ, ਗਾਈਡਡ ਟੂਰ ਕਰਵਾਇਆ ਗਿਆ

**ਆਓ, ਸ੍ਰੀ ਅਨੰਦਪੁਰ ਸਾਹਿਬ ਨਤਮਸਤਕ ਹੋਈਏ**

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਸਰਦੀਆਂ ਵਿੱਚ ਲਵੇਰਿਆਂ ਦੀ ਸਾਂਭ-ਸੰਭਾਲ



**ਪਰਮਿੰਦਰ ਸਿੰਘ**, ਅਪਰ ਨਿਰਦੇਸ਼ਕ ਪਾਸਾਰ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

ਸੂਆ ਪੈ ਕੇ ਅਜੇ ਦੁੱਧ ਵੱਧਣਾ ਸ਼ੁਰੂ ਹੋਇਆ ਹੀ ਸੀ ਕਿ ਮੱਘਰ ਚੜ੍ਹਦਿਆਂ ਸਰਦੀ ਕਾਰਣ ਫਿਰ ਘਟਣਾ ਸ਼ੁਰੂ ਹੋ ਗਿਆ। ਸਿਆਣੇ ਕਹਿੰਦੇ ਹਨ ਕਿ ਆਉਂਦੀ ਤੇ ਜਾਂਦੀ ਸਰਦੀ ਖਤਰਨਾਕ ਹੁੰਦੀ ਹੈ; ਕਿਉਂਕਿ ਦਿਨ ਅਤੇ ਰਾਤ ਦੇ ਤਾਪਮਾਨ ਵਿੱਚ ਜ਼ਿਆਦਾ ਫ਼ਰਕ ਹੁੰਦਾ ਹੈ। ਦਿਨੇ ਗਰਮੀ ਅਤੇ ਸ਼ਾਮ ਵੇਲੇ ਅਚਨਚੇਤ ਪਾਰੇ ਦੀ ਗਿਰਾਵਟ ਕਾਰਨ ਗਰਮ-ਸਰਦ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਜਿਸਦਾ ਲਵੇਰਿਆਂ ਦੀ ਪੈਦਾਵਾਰ ਤੇ ਮਾੜਾ ਅਸਰ ਪੈਂਦਾ ਹੈ। ਤਾਪਮਾਨ ਇਸ ਲੇਖ ਨੂੰ ਲਿਖਣ ਸਮੇਂ 23-09° ਸੈਂਟੀਗ੍ਰੇਡ ਚੱਲ ਰਿਹਾ ਹੈ, ਪੜਦਿਆਂ ਹੋਰ ਹੋ ਸਕਦਾ ਹੈ। ਇਹ ਵੀ ਅਕਸਰ ਸੁਣਨ ਨੂੰ ਮਿਲਦਾ ਹੈ ਕਿ "ਸਿਆਲ ਸਿਰ ਤੇ, ਕੱਟਾ ਸਾਈਕਲ ਤੇ", ਸ਼ਾਇਦ ਅੱਜਕਲ੍ਹ ਮੋਟਰ ਸਾਈਕਲ ਤੇ ! ਸਾਨੂੰ ਸਮੇਂ ਸਿਰ ਤਿਆਰ ਰਹਿਣਾ ਚਾਹੀਦਾ ਹੈ।

ਲਵੇਰਿਆਂ ਲਈ ਢੁੱਕਵਾਂ ਤਾਪਮਾਨ 15 ਤੋਂ 25 ਡਿਗਰੀ ਹੁੰਦਾ ਹੈ ਤੇ ਨਮੀ ਲਗਭਗ 70% ਚਾਹੀਦੀ ਹੈ। ਘੱਟ ਤਾਪਮਾਨ ਤੇ ਖਾਸ ਕਰਕੇ ਜੇ ਨਮੀ 80% ਤੋਂ ਵੱਧਦੀ ਹੈ, ਲਵੇਰੇ ਬਹੁਤ ਦਬਾਅ ਮਹਿਸੂਸ ਕਰਦੇ ਹਨ। ਇਸ ਸਥਿਤੀ ਦਾ ਟਾਕਰਾ ਕਰਨ ਲਈ ਜਾਨਵਰ ਖੁਦ ਕਈ ਯਤਨ ਕਰਦੇ ਹਨ। ਸਭ ਤੋਂ ਪਹਿਲਾਂ ਉਹ ਆਪਣੇ ਸਰੀਰਕ ਤਾਪਮਾਨ ਨੂੰ ਬਰਕਰਾਰ ਰੱਖਣ ਲਈ ਆਪਣੀ ਖ਼ੁਰਾਕ



ਵਧਾਉਂਦੇ ਹਨ। ਬੈਠਣ ਨੂੰ ਸੁੱਕੀ ਅਤੇ ਨਿੱਘੀ ਜਗ੍ਹਾ ਲੱਭਦੇ ਹਨ। ਬਾਹਰ ਜੇ ਧੁੱਪ ਹੈ, ਤਾਂ ਉੱਥੇ ਜਾਣਾ ਚਾਹੁੰਦੇ ਹਨ ਅਤੇ ਪਾਣੀ ਘੱਟ ਪੀਂਦੇ ਹਨ। ਪਰ ਲਵੇਰਿਆਂ ਦੀ ਜ਼ਰੂਰਤਾਂ ਨੂੰ ਕੌਣ ਪੁੱਛਦਾ ਹੈ ?

ਕਿੱਲੇ ਨਾਲ ਬੰਨ੍ਹੇ, ਖੁਰਲੀਆਂ ਤੂੜੀ/ਪਰਾਲੀ ਨਾਲ ਭਰੀਆਂ, ਸੱਸਤੀ ਤੋਂ ਸੱਸਤੀ ਬਾਜਾਰੀ ਫੀਡਾਂ, ਘਰ ਦੇ 5-10 ਕਿਲੋ ਪੱਠੇ (ਉਹ ਵੀ ਗਿੱਲੇ), ਜੇ ਆਚਾਰ ਹੈ ਵੀ ਉਹ ਵੀ ਬਾਜਾਰੀ ਜਾਂ ਪੁਰਾਣਾ, ਬਨਾਉਟੀ ਵੜੇਵਿਆਂ ਦੀ ਖ਼ਲਾਂ ਤੇ ਉੱਲੀ ਵਾਲੀ ਵੰਡਾਂ ਨੇ ਲਵੇਰਿਆਂ ਨੂੰ ਬਿਮਾਰ ਹੀ ਕਰਨਾ ਹੈ। ਦੁੱਧ ਅੱਧਾ ਰਹਿ ਜਾਂਦਾ ਹੈ, ਦੁੱਧ ਵਿੱਚਲੀ ਫੈਟ ਤੇ ਗਰੈਵਿਟੀ ਸਦਕਾ ਰੇਟ ਵੀ ਸਹੀ ਨਹੀਂ ਮਿਲਦਾ। ਉੱਪਰੋਂ ਉੱਲ੍ਹੀ ਸਦਕਾ ਤੂ ਜਾਣ ਦੀ ਬਿਮਾਰੀ, ਲੇਵੇ ਦੀ ਸੋਜ, ਬੋਲਦੀ ਨਹੀਂ, ਠਹਿਰਦੀ ਨਹੀਂ, ਮੂੰਹ ਖ਼ੁਰ, ਗਲ ਘੋਟੂ ਆਦਿ ਸਾਰੀਆਂ ਨਾਮੁਰਾਦ ਬਿਮਾਰੀਆਂ ਇਸੇ ਮੌਸਮ ਵਿੱਚ ਜ਼ਿਆਦਾ ਹੁੰਦੀਆਂ ਹਨ। ਬਰਸਾਤ ਤੋਂ ਬਾਅਦ ਵੱਧੀ ਹੋਈ ਨਮੀ ਤੇ ਚਲਦੀ ਹਵਾ ਹੋਰ ਵੀ ਘਾਤਕ ਹੁੰਦੀ ਹੈ। ਸਰਦੀਆਂ ਦਾ ਅਸਰ ਘੱਟ ਕਰਨ ਲਈ ਹੇਠ ਲਿਖੇ ਨੁਕਤੇ ਅਪਣਾਏ ਜਾ ਸਕਦੇ ਹਨ :

ਸ਼ੈੱਡ ਉੱਤੇ ਹਮੇਸ਼ਾ ਘੱਟ ਤੋਂ ਘੱਟ ਖਰਚਾ ਕਰੋ ਪਰ ਸ਼ੈੱਡ ਬਣਾਉ ਵਿਉਂਤਬੰਦੀ ਨਾਲ। ਸ਼ੈੱਡ ਦੀ ਲੰਬਾਈ ਹਮੇਸ਼ਾ ਚੜ੍ਹਦੇ-ਲਹਿੰਦੇ ਪਾਸੇ ਹੋਣੀ ਚਾਹੀਦੀ ਹੈ। ਖ਼ੁਰਲੀ ਉਤਰ ਵਾਲੇ ਪਾਸੇ ਬਣਾਓ ਅਤੇ ਦੱਖਣ ਵਾਲਾ ਪਾਸਾ ਖੁੱਲ੍ਹਾ ਰੱਖੋ। ਅਜਿਹਾ ਕਰਨ ਨਾਲ ਪਸ਼ੂ ਸਰਦੀ ਤੋਂ ਬਚੇ ਰਹਿਣਗੇ ਕਿਉਂਕਿ ਦੱਖਣ ਤੋਂ ਸੂਰਜ ਦੀਆਂ ਕਿਰਨਾਂ ਸਿੱਧੀਆਂ ਸ਼ੈੱਡ ਅੰਦਰ ਜਾ ਕੇ ਇੱਕ ਤਾਂ ਨਿੱਘ ਦੇਣਗੀਆਂ ਤੇ ਫਰਸ਼ ਸੁੱਕਾ ਰਹੇਗਾ। ਖ਼ੁਰਲੀ ਉੱਤੇ ਖੜਨ ਲਈ ਇੱਕ ਪਸ਼ੂ ਨੂੰ 4 ਫੁੱਟ ਜਗ੍ਹਾ ਚਾਹੀਦੀ ਹੈ ਭਾਵ 10 ਪਸ਼ੂਆਂ ਲਈ ਖ਼ੁਰਲੀ ਦੀ ਲੰਬਾਈ 40 ਫੁੱਟ ਹੋਣੀ ਚਾਹੀਦੀ ਹੈ। ਖ਼ੁਰਲੀ ਦੀ ਬਾਹਰਲੀ ਕੰਧ ਸਿਰਫ਼ 5-6 ਫੁੱਟ ਉੱਚੀ ਹੀ ਬਣਾਓ ਤਾਂ ਕਿ ਕੁੱਤੇ ਆਦਿ ਸ਼ੈੱਡ ਅੰਦਰ ਨਾ ਦਾਖ਼ਲ ਹੋਣ ਤੇ ਹਵਾ ਦਾ ਨਿਕਾਸ ਸਹੀ ਹੋਏ। ਇੱਟ-ਬਾਲੇ ਦੀ ਛੱਤ ਸਸਤੀ ਅਤੇ ਬੜੀ ਟਿਕਾਊ ਹੁੰਦੀ ਹੈ। ਲੈਂਟਰ ਆਦਿ ਤੇ ਬਹੁਤ ਜ਼ਿਆਦਾ ਖ਼ਰਚ ਆਉਂਦਾ ਹੈ। ਸਰਕੰਡੇ ਦੀ ਛੱਤ ਬੜੀ ਸੱਸਤੀ ਪੈਂਦੀ ਹੈ ਪਰ ਇਸ ਵਿੱਚ ਚਿੱਚੜ ਅਤੇ ਚਿੱੜੀਆਂ ਦੇ ਘੋਂਸਲਿਆਂ ਦੀ ਸਮੱਸਿਆ ਆਉਂਦੀ ਹੈ। ਅਜਕਲ੍ਹ ਟੀਨਾਂ ਵਾਲੇ ਸ਼ੈੱਡਾਂ ਦੀ ਰੀਸ ਹੋ ਰਹੀ ਹੈ। ਚਾਦਰ ਵੇਖ ਕੇ ਪੈਰ ਪਸਾਰੀਉ। ਜੇਕਰ 3-4 ਸਾਲ ਡੇਅਰੀ ਕਰਦੇ ਨੂੰ ਹੋ ਹੋ ਗਏ, ਕੋਈ ਟ੍ਰੇਨਿੰਗ ਕੋਰਸ ਕੀਤਾ ਹੈ ਤਾਂ ਹੀ ਵੱਡੇ ਸ਼ੈੱਡ ਬਣਾਉਣ ਬਾਰੇ ਸੋਚੀਉ।

ਸ਼ੈੱਡ ਅੰਦਰ ਸਾਫ਼-ਸੁਥਰੇ ਪੀਣ ਵਾਲੇ ਪੀਣ ਦੀ ਵਿਵਸਥਾ ਸਹੀ ਹੋਣੀ ਚਾਹੀਦੀ ਹੈ ਕਿਉਂਕਿ ਸਰਦੀਆਂ ਵਿੱਚ ਪਾਣੀ ਦੀ ਮਿਕਦਾਰ 50% ਘੱਟ ਜਾਂਦੀ ਹੈ। ਦੁੱਧ ਦੀ ਚੋਆਈ ਤੋਂ ਅਕਸਰ ਬਾਅਦ ਲਵੇਰੇ ਪਾਣੀ ਪੀਣਾ ਚਾਹੁੰਦੇ ਹਨ ਇਸ ਕਰਕੇ ਪਾਣੀ ਵਾਲੀ ਹੌਦੀ ਤੇ ਜ਼ਿਆਦਾ ਇੱਕਠ ਨਾ ਹੋਣ ਦਿਉ। ਦਸ ਪਸ਼ੂਆਂ ਲਈ 8 ਫੁੱਟ ਲੰਬੀ ਅਤੇ 3 ਫੁੱਟ ਚੌੜੀ ਪਾਣੀ ਦੀ ਕੁੰਡ ਕਾਫ਼ੀ ਹੈ। ਇਸ ਦੀਆਂ ਕੰਧਾਂ ਉੱਤੇ ਕਲੀ ਦਾ ਲੇਪ ਜ਼ਰੂਰ ਕਰੋ। ਅਜਿਹਾ ਕਰਨ ਨਾਲ ਕੰਧਾਂ ਉੱਤੇ ਹਰਿਆਲੀ (ਕਾਈ) ਨਹੀਂ ਜੰਮਦੀ। ਹਰੇਕ ਹਫ਼ਤੇ ਪਾਣੀ ਵਿੱਚ ਪਾਈ ਕਲੀ ਬਦਲ ਦਿਓ। ਪਾਣੀ ਵਾਲੀ ਮੋਟਰ ਹਰ 2-3 ਘੰਟਿਆਂ ਬਾਅਦ ਚਲਾਉ ਤਾਂ ਕਿ ਪਾਣੀ ਤਾਜ਼ਾ ਤੇ ਨਿੱਘਾ ਮਿਲੇ, ਨਹੀਂ ਤਾਂ ਲਵੇਰਿਆਂ ਨੇ ਰੱਜਵਾਂ ਪਾਣੀ ਨਹੀਂ ਪੀਣਾ। ਜੇ ਪੀ ਵੀ ਲਿਆ ਤਾਂ ਪਾਣੀ ਦੇ ਘੱਟ ਤਾਪਮਾਨ ਕਾਰਨ, ਉਝਰੀ ਅੰਦਰ ਜੀਵਾਣੂਆਂ ਤੇ ਮਾੜਾ ਅਸਰ ਪੈਂਦਾ ਹੈ ਤੇ ਕਈ ਵਾਰ ਲਵੇਰੇ ਨਮੋਨੀਏ ਦੇ ਸ਼ਿਕਾਰ ਹੋ ਸਕਦੇ ਹਨ। ਵਿਉਂਤਬੰਦੀ ਨਾਲ ਬਣੇ ਸ਼ੈੱਡ ਵਿੱਚ ਪਸ਼ੂ ਬੜੇ ਆਰਾਮਦਾਇਕ ਵਾਤਾਵਰਣ ਅੰਦਰ ਰਹਿੰਦੇ ਹਨ ਅਤੇ ਵਧੇਰੇ ਦੁੱਧ ਪੈਦਾ ਕਰ ਸਕਦੇ ਹਨ। ਆਰਾਮਦਾਇਕ ਵਾਤਾਵਰਣ ਮਿਲਣ ਨਾਲ ਲਵੇਰਿਆਂ ਨੂੰ ਬਿਮਾਰੀਆਂ ਵੀ ਘੱਟ ਲੱਗਦੀਆਂ ਹਨ। ਜੇ ਸ਼ੈੱਡ ਦੇ ਅੰਦਰ ਦਰਖ਼ਤ ਹਨ ਤਾਂ ਬਹੁਤ ਹੀ ਵਧੀਆ, ਪਰ ਸਰਦੀਆਂ ਵੇਲੇ ਇਨ੍ਹਾਂ ਦੀਆਂ ਫਾਲਤੂ ਟਹਿਣੀਆਂ ਛਾਂਗ ਦਿਉ ਤਾਂ ਕਿ ਧੁੱਪ ਪੂਰੀ ਮਾਤਰਾ ਵਿੱਚ ਆ ਸਕੇ। ਲਵੇਰੇ 14-16 ਘੰਟੇ ਬੈਠ ਕੇ ਜੁਗਾਲੀ ਕਰਨੀ ਚਾਹੁੰਦੇ ਹਨ, ਇਸ ਲਈ ਫਰਸ਼ ਦਾ ਧਿਆਨ ਰੱਖੋ। ਫਰਸ਼ ਸੁੱਕਾ ਰੱਖੋ, ਪਰਾਲੀ ਪਸ਼ੂਆਂ ਲਈ ਬਹੁਤ ਵਧੀਆ ਵਿੱਛ ਸਾਬਤ ਹੋ ਰਹੀ ਹੈ।

ਲਵੇਰੇ ਦੀ ਪਹਿਲੀ ਪਸੰਦ ਹਰਾ ਚਾਰਾ ਹੁੰਦਾ ਹੈ, ਜੇ ਰੱਜਵੇਂ ਦੀ ਗੱਲ ਕਰੀਏ ਤਾਂ ਘੱਟੋ-ਘੱਟ 35-40 ਕਿਲੋ ਪ੍ਰਤੀ ਦਿਨ ਮਿਲਣਾ ਚਾਹੀਦਾ ਹੈ। ਇਹ ਮਿਲਣਾ ਮੁਸ਼ਕਲ ਹੈ ਕਿਉਂਕਿ ਇਸ ਲਈ 5-6 ਲਵੇਰਿਆਂ ਲਈ ਇੱਕ ਕਿਸਾਨ ਕੋਲ ਇੱਕ ਕਿਲਾ ਚਾਰਿਆਂ ਹੇਠ ਰੱਕਬਾ ਹੋਣਾ ਚਾਹੀਦਾ ਹੈ। ਪਹਿਲੀ ਗੱਲ ਚਾਰਾ ਪੂਰਾ ਹੈ ਹੀ ਨਹੀਂ ਦੂਸਰਾ ਜਿਹੜਾ ਵੀ ਹੈ ਉਸਨੂੰ ਕੱਦ ਕੱਟਿਆ ਇਹ ਜ਼ਰੂਰੀ ਹੈ। ਹਰੇ ਚਾਰੇ ਦੀ ਖ਼ੁਰਾਕੀ ਗੁਣਵੰਤਾ ਉਸ ਦੀ ਕਟਾਈ ਤੇ ਨਿਰਭਰ ਕਰਦੀ ਹੈ। ਜੇ ਪਹਿਲਾਂ ਵੱਢ ਲਿਆ ਤਾਂ ਚਾਰਾ ਨਰਮ ਹੋਊ, ਸਰਦੀਆਂ ਵਿੱਚ ਹਰੇ ਵਿੱਚ ਪਾਣੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਮੋਕ ਲੱਗਣ ਦਾ ਖ਼ਤਰਾ ਹੈ, ਜੇ ਬਾਅਦ ਵਿੱਚ ਕੱਟਿਆ ਤਾਂ ਕੈੜਾ ਹੋਜੂ, ਨਹੀਂ ਖਾਣਾ। ਅੱਜਕਲ੍ਹ ਬਰਸੀਮ, ਜਵੀ, ਲੂਸਣ, ਰਾਈ ਘਾਹ ਆਦਿ ਉਪਲਬੱਧ ਹੋਣੇ ਚਾਹੀਦੇ ਹਨ, ਜਿੰਨ੍ਹਾਂ ਵਿੱਚ ਪ੍ਰੋਟੀਨ ਅਤੇ ਕੈਲਸ਼ੀਅਮ ਦੀ ਮਾਤਰਾ ਸਾਉਣੀ ਦੇ ਚਾਰਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ਪਰ ਅਫਸੋਸ, ਬਹੁਤਿਆਂ ਡੇਅਰੀ ਪਾਲਕਾਂ ਦੇ ਝੋਨੇ ਦੀ ਕਟਾਈ ਵਿੱਚ ਦੇਰੀ ਕਾਰਣ ਇਨ੍ਹਾਂ ਚਾਰਿਆਂ ਦੀ ਬਿਜਾਈ ਵੀ ਲੇਟ ਹੋਈ। ਜਿਸ ਕਰਕੇ ਕਈ ਫਾਰਮਾਂ ਤੇ ਦਸੰਬਰ ਦੇ ਮਹੀਨੇ ਹਰੇ ਦੀ ਘਾਟ ਰਹਿਣੀ ਹੈ; ਦੁੱਧ ਤਾਂ ਫਿਰ...। ਮਜ਼ਬੂਰਨ ਵੱਧ ਤੂੜੀ/ਪਰਾਲੀ ਖੁਆਉਣ ਸਦਕਾ ਖ਼ੂਨ ਵਿਚਲਾ ਯੂਰੀਆ ਵੱਧ ਸਕਦਾ ਜੋ ਕਿ ਕਈ ਬਿਮਾਰੀਆਂ ਦਾ ਕਾਰਣ ਬਣਦਾ ਹੈ। ਇਸੇ ਤਰ੍ਹਾਂ ਵੱਧ ਕੈਲਸ਼ੀਅਮ ਦੀਆਂ ਪੀਪੀਆਂ ਸਦਕਾ ਫਾਸਫੋਰਸ ਦੀ ਕਮੀ ਹੁੰਦੀ ਹੈ ਤੇ ਕਈ ਲਵੇਰੇ ਇੱਕ ਦੂਜੇ ਦਾ ਪਿਸ਼ਾਬ ਪੀਣ ਲੱਗ ਜਾਂਦੇ ਹਨ ਤੇ ਸਿਆਣਿਆਂ ਨੇ ਧਾਤਾਂ ਦੇ ਚੂਰੇ ਦੇ ਨੁਕਸ ਕੱਢ ਦੇਣੇ ਹਨ। ਇਸ ਕਰਕੇ ਸਰਦੀਆਂ ਵਿੱਚ ਆਪਣੇ ਹਰੇ ਚਾਰੇ ਨੂੰ ਮੁੱਖ ਰੱਖ ਕੇ ਵੰਡ ਵਿੱਚ ਤਬਦੀਲੀ ਕਰੋ। ਕੁੱਝ ਖ਼ਲਾਂ ਘਟਾ ਕੇ ਅਨਾਜ ਵਧਾਉ। ਸਰਦੀਆਂ ਵਿੱਚ ਕੈਲਸ਼ੀਅਮ ਦੀ ਪੀਪੀਆਂ ਦੀ ਵਰਤੋਂ ਘੱਟ ਕਰੋ। ਸਰਦੀਆਂ ਦੇ ਮੌਸਮ ਵਿੱਚ ਵੰਡ ਦੀ ਭੂਮਿਕਾ ਵੱਧ ਜਾਂਦੀ ਹੈ ਕਿਉਂਕਿ ਲਵੇਰੇ ਨੂੰ ਰਜਾਉਣ,



ਪੈਦਾਵਾਰ ਵਧਾਉਣ ਲਈ ਕਈ ਕਿਸਮਾਂ ਦੇ ਸੂਖਮ ਪਦਾਰਥਾਂ ਦੀ ਜ਼ਰੂਰਤ ਪੈਂਦੀ ਹੈ।

ਹਰ ਇੱਕ ਪਸ਼ੂ ਪਾਲਕ ਦੀ ਆਪਣੀ ਹੀ ਰਵਾਇਤ ਹੈ। ਕਈ ਬਾਜ਼ਾਰੀ ਫੀਡਾਂ ਪਾਉਂਦੇ ਹਨ। ਕਈ ਫੀਡ ਮਿਲਾਂ ਤੋਂ ਆਪ ਵੰਡ ਬਣਵਾ ਕੇ ਲਿਆਉਂਦੇ ਹਨ। ਬਹੁਤ ਪਸ਼ੂ ਪਾਲਕ ਅਜੇ ਵੀ ਤਰਤੀਬ ਨਾਲ ਵੰਡ ਨਹੀਂ ਖੁਆਉਂਦੇ। ਪਾਉਣ ਲੱਗੇ ਤਾਂ ਖਲ੍ਹਾਂ ਹੀ ਪਾਈ ਜਾਂਦੇ ਹਨ ਜਾਂ ਕਦੇ ਚੋਕਰ, ਕਦੇ ਪਾਲਿਸ਼ ਜਾਂ ਕਈ ਵਾਰ ਅਨਾਜ ਹੀ ਵੱਧ ਪਾ ਦੇਂਦੇ ਹਨ। ਬਾਜ਼ਾਰੀ ਫੀਡਾਂ ਤੇ ਅਕਸਰ ਭਰੋਸਾ ਨਹੀਂ ਕੀਤਾ ਜਾਂਦਾ। ਬਹੁਤ ਘੱਟ ਫੀਡ ਨਿਰਮਾਤਾ ਹਨ ਜਿਨ੍ਹਾਂ ਦੀ ਫੀਡ ਦਾ ਮਿਆਰ ਉੱਤਮ ਦਰਜੇ ਦਾ ਹੁੰਦਾ ਹੈ। ਫੀਡ ਕੰਪਨੀਆਂ ਜਦੋਂ ਆਪਣੇ ਬਰੈਂਡ ਦੀ ਫੀਡ ਬਣਾਉਂਦੀਆਂ ਹਨ ਤਾਂ ਉਨ੍ਹਾਂ ਨੇ ਕਿਸੇ ਖਾਸ ਪਸ਼ੂ ਪਾਲਕ ਨੂੰ ਧਿਆਨ ਵਿੱਚ ਰੱਖ ਕੇ ਫੀਡ ਨਹੀਂ ਬਣਾਉਣੀ, ਉਨ੍ਹਾਂ ਨੇ ਤਾਂ ਸਰਕਾਰ ਦੁਆਰਾ ਲਾਗੂ ਕਾਨੂੰਨ ਨੂੰ ਮੱਦੇ ਨਜ਼ਰ ਰੱਖ ਕੇ ਫੀਡ ਬਣਾਉਣੀ ਹੈ, ਹੋ ਸਕਦਾ ਹੈ ਕਿਸੇ ਪਸ਼ੂ ਪਾਲਕ ਨੂੰ ਨਤੀਜੇ ਵਧੀਆ ਮਿਲਣ ਤੇ ਕਿਸੇ ਨੂੰ ਨਹੀਂ। ਇੱਕ ਪਸ਼ੂ ਪਾਲਕ, ਫੀਡ ਦੇ ਘੱਟ ਪੈਸੇ, ਵੱਧ ਉਧਾਰ ਭਾਲਦਾ ਹੈ। ਉਹ ਤਾਂ ਬੋਰੀ ਵਿੱਚ ਪਏ ਗਲਾਸ ਤੇ ਕੌਲੀਆਂ ਦਾ ਸ਼ਿਕਾਰ ਹੋ ਕੇ ਆਪਣਾ ਤੇ ਆਪਣੇ ਲਵੇਰਿਆਂ ਦਾ ਨੁਕਸਾਨ ਕਰਵਾਈ ਜਾ ਰਿਹਾ ਹੈ।

ਫਾਰਮੂਲਾ ਤੁਹਾਡੀ ਸਹਿਮਤੀ ਵਾਲਾ ਹੋਣਾ ਚਾਹੀਦਾ ਹੈ। ਉਸ ਵਿੱਚ ਪਾਈਆਂ ਜਾਣ ਵਾਲੀਆਂ ਵੱਖ-ਵੱਖ ਜਿਣਸਾਂ ਦਾ ਭਾਅ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਵੰਡ ਵਿੱਚ ਪਾਏ ਜਾਣ ਵਾਲੇ ਅਨਾਜ, ਖਲ੍ਹਾਂ, ਪਾਲਿਸ਼ ਆਦਿ ਦੀ ਕੁਆਲਿਟੀ ਵੀ ਤੁਹਾਡੀ ਮਰਜ਼ੀ ਦੀ ਹੋਣੀ ਚਾਹੀਦੀ ਹੈ। ਮੱਕੀ ਦਾ ਦਾਣਾ ਵੱਡਾ, ਸੁਸਰੀ ਤੇ ਉੱਲੀ ਰਹਿਤ ਹੋਣਾ ਚਾਹੀਦਾ ਹੈ। ਇਸ ਵਿਚਲੀ ਨਮੀ ਦਾ ਪੱਤਾ ਚੱਬ ਕੇ ਚੱਲ ਜਾਂਦਾ ਹੈ। ਖਲ੍ਹਾਂ ਗਾੜ੍ਹੇ ਭੂਰੇ ਰੰਗ ਦੀਆਂ ਹੋਣੀਆਂ ਚਾਹੀਦੀਆਂ ਹਨ। ਪਾਪੜੀ ਖੱਲ੍ਹ ਦੋਹਾਂ ਉਂਗਲਾਂ ਵਿਚਾਲੇ ਰੱਖ ਕੇ ਅੰਗੂਠੇ ਨਾਲ ਆਸਾਨੀ ਨਾਲ ਟੁਟਣੀ ਚਾਹੀਦੀ ਹੈ। ਜਿੰਨੀਆਂ ਵੀ ਬਗੈਰ ਤੇਲ ਵਾਲੀਆਂ ਖਲ੍ਹਾਂ ਹੋਣ ਉਨ੍ਹਾਂ ਵਿੱਚ ਰੇਤੇ ਦੀ, ਛਿੱਲਕੇ ਦੀ ਮਿਲਾਵਟ ਨਾ ਹੋਵੇ। ਚੂਰੀਆਂ ਵਿੱਚ ਵੀ ਛਿਲਕਿਆਂ ਦੀ ਮਿਲਾਵਟ ਨਾ ਹੋਵੇ। ਬਿਨੌਲਾ ਖਲ੍ਹ ਨੂੰ ਤੋੜਨ ਤੇ ਆਸਾਨੀ ਨਾਲ ਟੁੱਟ ਜਾਏ ਤੇ ਟੁੱਟਦਿਆਂ ਵਿਚਾਲੋਂ ਰੇਸ਼ੇ ਦਿਖਦੇ ਹੋਣ। ਪਾਲਿਸ਼ ਵਿੱਚ ਵੀ ਕੋਈ ਕਿਰਕੀ ਨਾ ਹੋਵੇ। ਪਾਲਿਸ਼ ਨੂੰ ਹਥੇਲੀ ਵਿੱਚ ਦਬਾਉਣ ਤੇ ਉਂਗਲਾਂ ਛੱਪਣ। ਧਾਤਾਂ ਦੇ ਚੂਰੇ, ਦਵਾਈਆਂ ਆਦਿ ਪ੍ਰਮਾਣਤ ਕੰਪਨੀਆਂ ਦੀ ਹੀ ਵਰਤੋਂ। ਗਾਹੇ-ਬਿਗਾਹੇ ਅਚਾਰ, ਵੰਡ, ਖੱਲਾਂ ਆਦਿ ਦੀ ਜਾਂਚ ਕਿਸੇ ਭਰੋਸੇ ਦੀ ਪ੍ਰਯੋਗਸ਼ਾਲਾ ਤੋਂ ਜ਼ਰੂਰ ਕਰਵਾਓ। ਅੱਜਕਲ੍ਹ ਕੁੱਝ ਡੇਅਰੀ ਪਾਲਕ ਵੰਡ ਦਾ ਰੰਗ ਪੀਲੇਪਣ ਵਿੱਚ ਭਾਲਦੇਹਨ ਜਿਸ ਵਿੱਚ ਮੱਕੀ ਜ਼ਿਆਦਾ, ਸਰ੍ਹੋਂ ਦੀ ਖ਼ਲਾਂ ਘੱਟ ਤੇ ਵਾਧੂ ਕੈਲਸ਼ੀਅਮ ਪਾਊਡਰ ਪਾਇਆ ਜਾਂਦਾ ਹੈ। ਦੁੱਧ ਤਾਂ ਕੁੱਝ ਦਿਨ ਤੁਣਕਾ ਮਾਰਦਾ ਹੈ ਪਰ ਬਾਅਦ ਵਿੱਚ ਤੇਜਾਬੀ ਪਣ ਹੋ ਸਕਦਾ ਹੈ।

ਆਮ ਹਲਾਤਾਂ ਵਿੱਚ 15 ਲਿਟਰ ਦੁੱਧ ਦੇਣ ਵਾਲੀ ਮੱਝ ਇੱਕ ਦਿਨ ਦਾ 7 ਕਿਲੋ ਵੰਡ ਖਾ ਸਕਦੀ ਹੈ। ਪਰ ਅੱਜਕਲ੍ਹ ਸਰਦੀਆਂ ਕਾਰਣ ਇਸਨੂੰ 8-8.5 ਕਿਲੋ ਵੰਡ ਮਿਲਣਾ ਚਾਹੀਦਾ ਹੈ, ਜਿਹੜਾ ਕਿ ਨਹੀਂ ਮਿਲਦਾ। ਇਸ ਲਈ 7 ਕਿਲੋ ਵਾਲੇ ਤੱਤ ਸਾਨੂੰ ਹੁਣ 8 ਕਿਲੋ ਤੋਂ ਪੂਰੇ ਕਰਨੇ ਚਾਹੀਦੇ ਹਨ। ਜਿਸ ਕਰਕੇ ਸਰਦੀਆਂ ਵਿੱਚ ਵੰਡ ਹਮੇਸ਼ਾਂ ਸੱਸਤਾ ਬਣਦਾ ਹੈ ਪਰ ਲਵੇਰਿਆਂ ਨੂੰ ਜ਼ਿਆਦਾ ਚਾਹੀਦਾ ਹੈ। ਡੇਅਰੀ ਪਾਲਕ ਉਹੀ ਮਿਕਦਾਰ ਪਾਈ ਜਾਂਦੇ ਹਨ, ਨਤੀਜਾ ਦੁੱਧ ਘੱਟਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਲਵੇਰੇ ਨੇ ਬਹੁਤੀ ਊਰਜਾ ਆਪਣੇ ਸਰੀਰਕ ਤਾਪਮਾਨ ਨੂੰ ਬਰਕਰਾਰ ਰੱਖਣ ਲਈ ਵਰਤਣੀ ਹੈ। ਯਾਦ ਰੱਖੋ ਕਿ ਖ਼ੁਰਾਕੀ ਤੱਤ ਜ਼ਰੂਰੀ ਹਨ ਨਾ ਕਿ ਜਿਣਸਾਂ। ਅੱਜਕਲ੍ਹ ਮੱਕੀ ਕੁੱਝ ਸੱਸਤੀ ਹੋ ਗਈ ਹੈ, ਜੇ ਕੁਆਲਿਟੀ ਵਾਲੀ ਮਿਲਦੀ ਹੈ ਤਾਂ ਇਸਤੇਮਾਲ ਕਰੋ। ਬਾਜਰਾ ਵੀ ਉਪਲੱਬਧ ਹੈ, ਇਸਦਾ ਉਪਯੋਗ ਕਰਕੇ ਵੰਡ ਸੱਸਤਾ ਬਣਾਇਆ ਜਾ



ਸਕਦਾ ਹੈ। ਘਰ ਦੀ ਕਣਕ ਜੇ ਹੈ ਤਾਂ ਇਹ ਵੀ ਗੁਣਕਾਰੀ ਸਿੱਧ ਹੋਵੇਗੀ। ਸ਼ੀਰਾ ਸਸਤਾ ਹੈ, ਇਸ ਵਿਚਲੇ ਪੋਟਾਸ਼ੀਅਮ ਸਦਕਾ ਦੁੱਧ ਵਿੱਚ ਵਾਧਾ ਹੁੰਦਾ ਹੈ। ਸਰ੍ਹੋਂ ਦੀ ਖ਼ਲ ਦੋ ਤਰ੍ਹਾਂ ਦੀ ਉਪਲੱਬਧ ਹੈ; ਪਾਪੜੀ ਜਾਂ ਬਿਨਾਂ ਤੇਲ ਵਾਲੀ। ਪਰ ਬਹੁਤੇ ਪਸ਼ੂ ਪਾਲਕ ਸਰ੍ਹੋਂ ਦੀ ਖ਼ਲ ਨੂੰ ਕੌੜੀ ਖ਼ਲ ਕਹਿ ਕੇ ਇਸ ਦੀ ਵਰਤੋਂ ਤੋਂ ਗੁਰੇਜ ਕਰਦੇ ਹਨ। ਸਰ੍ਹੋਂ ਦੀ ਖ਼ਲ ਬਹੁਤ ਉਪਯੋਗੀ ਹੈ, ਇਸ ਦੀ ਵਧੇਰੇ ਵਰਤੋਂ (ਪਸ਼ੂ ਨੂੰ ਗਿਝਾ ਕੇ) ਨਾਲ ਦੁੱਧ ਬਣਿਆ ਰਹਿੰਦਾ ਹੈ। ਵੜੇਵੇਂ ਜਾਂ ਵੜੇਵਿਆਂ ਦੀ ਖ਼ਲ ਦੀ ਵਰਤੋਂ ਲੋੜ ਨਾਲੋਂ ਵੱਧ ਹੀ ਹੈ, ਫੈਟ ਦੀ ਪ੍ਰਾਪਤੀ ਲਈ। ਇਸ ਵਿਚਲੇ ਰੇਸ਼ੇ ਕਰਕੇ ਦੁੱਧ ਦੀ ਫੈਟ ਵੱਧਦੀ ਹੈ ਪਰ ਮਹਿੰਗੀ ਹੈ, ਮਿਲਾਵਟੀ (Duplicate) ਮਿਲਦੀ ਹੈ, ਉੱਲੀ ਲੱਗੀ, ਬਾਰਦਾਨਾ, ਕੰਬਲ ਦੇ ਰੇਸ਼ੇ ਅਕਸਰ ਇਸ ਵਿੱਚ ਰਲੇ ਹੁੰਦੇ ਹਨ। ਜੇ ਕਿਧਰੇ ਸੂਰਜਮੁਖੀ ਦੀ ਖ਼ਲ ਮਿਲ ਜਾਏ ਤਾਂ ਬਹੁਤ ਵਧੀਆ। ਜੇਕਰ ਆਪਣੇ ਲਵੇਰੇ ਗੁਆਰ ਕੋਰਮੇ ਤੇ ਗਿਝਾਏ ਹੋਏ ਹਨ ਤਾਂ ਇਹ ਇੱਕ ਬਹੁਤ ਸਸਤਾ ਬਾਈਪਾਸ ਪ੍ਰੋਟੀਨ ਦਾ ਸੋਮਾ ਹੈ। ਅੱਜਕਲ੍ਹ ਮੱਕੀ ਤੇ ਚੌਲਾਂ ਦਾ ਡੀ ਡੀ ਜੀ ਐਸ ਵੀ ਉਪਲੱਬਧ ਹੈ, ਵਰਤਣ ਤੋਂ ਪਹਿਲਾਂ ਇਨ੍ਹਾਂ ਵਿਚਲੇ ਮਿਆਰ ਯਕੀਨੀ ਬਣਾਏ ਜਾਣ।

ਜਦ ਵੀ ਕੋਈ ਚੀਜ਼ ਸਵਾਦ ਬਣਾਉਣੀ ਹੋਵੇ ਤਾਂ ਅਕਸਰ ਘਿਓ ਦਾ ਇਸਤੇਮਾਲ ਹੁੰਦਾ ਹੈ। ਰਾਈਸ ਪਾਲਿਸ਼ ਅੱਜਕਲ੍ਹ ਵਧੀਆ ਮਿਲ ਰਹੀ ਹੈ ਇਸ ਲਈ ਇਸਨੂੰ 8-10 ਕਿਲੋ ਪ੍ਰਤੀ ਕੁਇੰਟਲ ਵਰਤਿਆ ਜਾ ਸਕਦਾ ਹੈ। ਤੇਲ ਦੀ ਪੂਰਤੀ ਲਈ ਫੁਲ ਫੈਟ ਸੋਇਆ, ਸਰ੍ਹੋਂ ਦੀ ਖ਼ਲ ਅਤੇ ਬਾਈਪਾਸ ਫੈਟ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਪਰ ਬਾਈਪਾਸ ਫੈਟ ਦੀ ਕੁਆਲਿਟੀ ਚੈੱਕ ਕਰਨ ਦੀ ਜ਼ਿੰਮੇਵਾਰੀ ਕਿਸਾਨ ਦੀ ਆਪਣੀ ਹੈ। ਬਹੁਤੇ ਪਸ਼ੂ ਪਾਲਕ ਭਾਅ ਹੀ ਦੇਖਦੇ ਹਨ ਕਿ ਕਿਹੜੀ ਸਸਤੀ ਹੈ, ਇਸ ਫੈਟ ਵਿਚਲੀ ਊਰਜਾ, ਇਸ ਨੂੰ ਬਣਾਉਣ ਦੇ ਤਰੀਕੇ ਤੇ ਨਿਰਭਰ ਕਰਦੀ ਹੈ। ਬਾਈਪਾਸ ਫੈਟ ਅੱਧਾ ਕਿਲੋ ਤੋਂ ਲੈ ਕੇ ਦੋ ਕਿਲੋ ਪ੍ਰਤੀ ਕੁਇੰਟਲ ਵਰਤੀ ਜਾ ਸਕਦੀ ਹੈ। ਇਸ ਨੂੰ ਗਿਲਾ ਨਾ ਕਰੋ ਨਹੀਂ ਤਾਂ ਲਵੇਰੇ ਨਹੀਂ ਖਾਣਗੇ।

ਸਰਦੀਆਂ ਵਿੱਚ ਵੱਧ ਖਾਣ ਨਾਲ ਇੱਕ ਲਵੇਰੀ ਤੇਜ਼ਾਬੀ ਪਣ ਦਾ ਸ਼ਿਕਾਰ ਹੋ ਸਕਦੀ ਹੈ। ਜੁਗਾਲੀ ਵਿੱਚ ਕਮੀ ਹੋਵੇਗੀ ਜਿਸ ਕਰਕੇ ਥੁੱਕ ਵੀ ਘੱਟ ਬਣੂਗਾ। ਇਸ ਕਰਕੇ ਉਝਰੀ ਵਿੱਚ ਤੇਜ਼ਾਬ ਦੀ ਮਾਤਰਾ ਵੱਧ ਸਕਦੀ ਹੈ। ਬਫਰ ਦੀ ਵਰਤੋਂ ਕਰਨ ਨਾਲ ਤੇਜ਼ਾਬੀਪਣ ਤੋਂ ਬੱਚਿਆ ਜਾ ਸਕਦਾ ਹੈ। ਬਫਰ ਵਿਚਲੇ ਮਿੱਠੇ ਅਤੇ ਮੈਗਨੀਸ਼ੀਅਮ ਆਕਸਾਈਡ ਸਦਕਾ ਉਝਰੀ ਅੰਦਰ ਤੇਜ਼ਾਬ ਸੀਮਤ ਰਹਿੰਦਾ ਹੈ। ਸਰਦੀਆਂ ਵਿੱਚ ਯੀਸਟ (ਖ਼ਮੀਰ) ਦੀ ਵਰਤੋਂ ਨਾਲ ਜਿੱਥੇ ਪਸ਼ੂ ਦੀ ਭੁੱਖ ਵੱਧਦੀ ਹੈ ਉੱਥੇ ਦੁੱਧ ਦੀ ਫੈਟ ਵਿੱਚ ਵਾਧਾ ਹੁੰਦਾ ਹੈ, ਦੁੱਧ ਵੀ ਵੱਧਦਾ ਹੈ। ਯੀਸਟ ਵੀ ਕਈ ਕਿਸਮ ਦੇ ਉਪਲੱਬਧ ਹਨ; ਲਾਈਵ, ਮੈਟਾਬੁਲਾਇਟ, ਇੰਜ਼ਾਇਮ ਆਦਿ। ਇਹ ਤਾਂ ਇੱਕ ਪਸ਼ੂ ਪਾਲਕ ਨੇ ਦੇਖਣਾ ਹੈ ਕਿ ਕਿੰਨੀ ਮਾਤਰਾ ਅਤੇ ਕਿਹੜੇ ਭਾਅ ਦੀ ਯੀਸਟ ਮਿਲਦੀ ਹੈ। ਸਰਦੀਆਂ ਵਿੱਚ ਹਰਾ ਤਾਂ ਵੱਧ ਹੁੰਦਾ ਹੈ, ਪਰ ਬਹੁਤਾ ਸਮਾਂ ਧੁੰਦ ਸਦਕਾ/ਸੂਰਜ ਦੇ ਨਾਂ ਚੜ੍ਹਨ ਕਰਕੇ, ਵਿਟਾਮਿਨ ਦੀ ਘਾਟ ਹੋ ਸਕਦੀ ਹੈ ਇਸ ਕਰਕੇ ਜੇ ਵਿਟਾਮਿਨ ਦਾ ਇਸਤੇਮਾਲ ਕੀਤਾ ਜਾਏ ਤਾਂ ਜਾਨਵਰ ਬਿਮਾਰ ਘੱਟ ਹੁੰਦੇ ਹਨ, ਪ੍ਰਜਨਣ ਸੰਬੰਧੀ ਮੁਸ਼ਕਲਾਂ ਘੱਟਦੀਆਂ ਹਨ।

ਸਰਦੀਆਂ ਵਿੱਚ ਹਰਾ ਅਕਸਰ ਜ਼ਰੂਰਤ ਨਾਲੋਂ ਜ਼ਿਆਦਾ ਗਿੱਲਾ ਹੁੰਦਾ ਹੈ ਜਿਸ ਕਰਕੇ ਗੋਹਾ ਪਤਲਾ ਆਉਂਦਾ ਹੈ, ਇਸ ਲਈ ਸੁੱਕੀ ਤੂੜੀ ਵੱਧ ਪਾਉਣੀ ਪੈ ਜਾਂਦੀ ਹੈ। ਪਰ ਵਧੇਰੇ ਤੂੜੀ/ਪਰਾਲੀ ਸੱਦਕਾ ਉੱਲੀ ਲੱਗਣ ਦਾ ਖ਼ਤਰਾ ਵੀ ਵੱਧ ਹੁੰਦਾ ਹੈ, ਇਸ ਕਰਕੇ ਖ਼ੁਰਾਕ ਵਿੱਚ ਟਾਕਸਿਨ ਬਾਂਈਡਰ ਦਾ ਇਸਤੇਮਾਲ ਜ਼ਰੂਰ ਕੀਤਾ ਜਾਵੇ। ਅੱਜਕਲ੍ਹ ਫੀਡ ਜਾਂ ਵੰਡ ਗਿੱਲੀ ਨਾ ਕਰੋ। ਜੇਕਰ ਲਵੇਰਿਆਂ ਦੀ ਸੁੱਕਾ ਮਾਦਾ ਖਾਣ ਦੀ ਪੂਰਤੀ ਹੋ ਰਹੀ ਹੈ ਤਾਂ ਉਸ ਤੇ ਸਰਦੀ ਦਾ ਅਸਰ ਘੱਟ ਹੋਵੇਗਾ। ਕੋਸ਼ਿਸ਼ ਕਰੋ ਕਿ ਜਿਹੜਾ ਵੀ ਹਰਾ ਚਾਰਾ ਹੈ ਉਸ ਦੇ ਕੁਤਰੇ ਦਾ ਆਕਾਰ ਛੋਟਾ ਹੋਏ ਤਾਂ ਕਿ ਪਸ਼ੂ ਵੱਧ ਖਾਏ।

# ਲਵੇਰਿਆਂ ਵਿੱਚ ਸੂਣ ਉਪਰੰਤ ਪਿੱਛਾ ਮਾਰਨਾ

ਸੂਣ ਦੇ ਨੇੜੇ ਲਵੇਰਿਆਂ ਨੂੰ ਹਰ ਹਾਲਤ ਵਿੱਚ ਆਸਾਨੀ ਨਾਲ ਪਚਣ ਵਾਲਾ ਹਰਾ ਚਾਰਾ ਪਾਉਣਾ ਚਾਹੀਦਾ ਹੈ। ਪੱਕਿਆ ਚਾਰਾ, ਖਾਸ ਕਰਕੇ ਬਾਜਰਾ ਜਾਂ ਨੇਪੀਅਰ ਘਾਹ, ਲਵੇਰਿਆਂ ਵਿੱਚ ਕਬਜ਼ ਕਰ ਸਕਦਾ ਹੈ। ਕਿਉਂਕਿ ਪੱਕੇ ਹੋਏ ਬਾਜਰੇ ਵਿੱਚ ਔਗਜ਼ਲੇਟ ਨਾਂ ਦੇ ਤੱਤ ਵੱਧ ਜਾਂਦੇ ਹਨ, ਜੋ ਸਰੀਰ ਵਿੱਚ ਕੈਲਸ਼ੀਅਮ ਨੂੰ ਘਟਾ ਦਿੰਦੇ ਹਨ। ਕੈਲਸ਼ੀਅਮ ਘੱਟਣ ਨਾਲ ਲਵੇਰੀ ਪਿੱਛਾ ਮਾਰ ਸਕਦੀ ਹੈ। ਕਬਜ਼ ਹੋਣ ਨਾਲ ਲਵੇਰੀ ਨੂੰ ਕਿੱਲ ਤੇ ਗੋਹਾ ਕਰਨਾ ਪੈਂਦਾ ਹੈ। ਗੋਹਾ ਕਰਨ ਵੇਲੇ ਜ਼ੋਰ ਲਗਾਉਣ ਸਦਕਾ ਲਵੇਰੀ ਪਿੱਛਾ ਮਾਰ ਸਕਦੀ ਹੈ। ਸੂਣ ਉਪਰੰਤ ਜਿਹਨਾਂ ਪਸ਼ੂਆਂ ਦੀ ਜ਼ੇਰ ਨਹੀਂ ਪੈਂਦੀ, ਉਹਨਾਂ ਦੀ ਜ਼ੇਰ ਹੱਥ ਨਾਲ ਕੱਢਣ ਸਮੇਂ ਕਈ ਵਾਰੀ ਬੱਚੇਦਾਨੀ ਅੰਦਰ ਮੌਜੂਦ ਗੰਢਾਂ ਟੁੱਟ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਵੀ ਲਵੇਰੀ ਜੋਰ ਮਾਰ ਸਕਦੀ ਹੈ ਜਿਸ ਨਾਲ ਪਿੱਛਾ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ।



1. ਲਵੇਰੀਆਂ ਨੂੰ ਸੂਣ ਤੋਂ ਪਹਿਲਾਂ ਸਲਾਬਿਆ ਹੋਇਆ ਵੰਡ, ਉੱਲੀ ਲੱਗਾ ਬਰਸੀਮ ਜਾਂ ਆਚਾਰ, ਅਰਗਟ ਲੱਗਾ ਬਾਜਰਾ ਖੁਆਉਣ ਨਾਲ ਵੀ ਪਿੱਛਾ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ।

2. ਸੂਣ ਉਪਰੰਤ ਜਦੋਂ ਪਿੱਛਾ ਬਾਹਰ ਆ ਜਾਵੇ ਤਾਂ ਸਾਰੇ ਬਾਹਰ ਆਏ ਪਿੱਛੇ ਨੂੰ ਸਾਫ ਪਾਣੀ ਨਾਲ ਧੋ ਦੇਣਾ ਚਾਹੀਦਾ ਹੈ। ਪੂੰਛ ਆਦਿ ਵੀ ਗੰਦੀ ਨਹੀਂ ਹੋਣੀ ਚਾਹੀਦੀ। ਮਾਹਿਰ ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਇਹ ਗੱਲ ਯਕੀਨੀ ਬਣਾ ਲੈਣੀ ਚਾਹੀਦੀ ਹੈ ਕਿ ਬਾਹਰ ਆਇਆ ਕੋਈ ਵੀ ਹਿੱਸਾ ਸੁੱਕਾ ਨਾ ਰਹਿ ਜਾਵੇ। ਇਸ ਲਈ ਬਾਹਰ ਆਏ ਸਾਰੇ ਹਿੱਸਿਆਂ ਉੱਪਰ ਸਾਫ਼ ਪਾਣੀ ਪਾਉਂਦੇ ਰਹੋ।

3. ਜੇਕਰ ਬੱਚੇਦਾਨੀ ਦੇ ਨਾਲ ਅਜੇ ਵੀ ਜੇਰ ਲੱਗੀ ਵਿਖਾਈ ਦੇਵੇ, ਤਾਂ ਉਸ ਨੂੰ ਵੀ ਹੌਲੀ-ਹੌਲੀ ਅਲੱਗ ਕਰ ਦੇਣਾ ਚਾਹੀਦਾ ਹੈ।

4. ਮਾਹਿਰ ਡਾਕਟਰ ਦੁਆਰਾ ਸਾਰਾ ਪਿੱਛਾ ਸਾਫ ਕਰਕੇ ਦੋਨੋਂ ਹੱਥਾਂ ਦੀਆਂ ਹਥੇਲੀਆਂ ਨਾਲ ਉਸਨੂੰ ਵਾਪਸ ਅੰਦਰ ਪਾਇਆ ਜਾਂਦਾ ਹੈ। ਜੇਕਰ ਪਿੱਛਾ ਅੰਦਰ ਪਾਉਣ ਵਿੱਚ ਕਠਿਨਾਈ ਆ ਰਹੀ ਹੋਵੇ ਤਾਂ ਮਸਾਨੇ ਵਿੱਚੋਂ ਪਿਸ਼ਾਬ ਬਾਹਰ ਕੱਢ ਲੈਣਾ ਉੱਚਿਤ ਰਹਿੰਦਾ ਹੈ।

5. ਜੇਕਰ ਪਿੱਛਾ ਅੰਦਰ ਪਾਉਣ ਸਮੇਂ ਲਵੇਰੀ ਜੋਰ ਮਾਰ ਰਹੀ ਹੋਵੇ ਤਾਂ ਲਵੇਰੀ ਨੂੰ ਸੁੰਨ ਕਰਨ ਵਾਲਾ ਟੀਕਾ ਲਗਾਇਆ ਜਾ ਸਕਦਾ ਹੈ। ਪਿੱਛਾ ਅੰਦਰ ਪਾਉਣ ਉਪਰੰਤ ਇਹ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ ਕਿ ਲਵੇਰੀ ਦੁਬਾਰਾ ਤੇ ਪਿੱਛਾ ਨਹੀਂ ਕੱਢੇਗੀ। ਇਸ ਕੰਮ ਲਈ ਲਵੇਰੀ ਨੂੰ ਹਰ ਹਾਲਤ ਵਿੱਚ ਕੂਲੇ ਪੱਠੇ ਪਾਓ। ਉਸਦਾ ਕੀਲੇ ਵਾਲਾ ਹਿੱਸਾ ਥੋੜ੍ਹਾ ਨੀਵਾਂ ਕਰ ਦਿਓ।

6. ਪਿੱਛਾ ਰੋਕਣ ਲਈ ਬਘਿਆੜੀ ਵੀ ਪਾਈ ਜਾ ਸਕਦੀ ਹੈ। ਇੱਕ ਚਮੜੇ ਦੇ ਟੁਕੜੇ ਨਾਲ ਵੀ ਪਿੱਛੇ ਨੂੰ ਬਾਹਰ ਆਉਣ ਤੋਂ ਰੋਕਿਆ ਜਾ ਸਕਦਾ ਹੈ। ਲੱਗਭੱਗ ਡੇਢ ਤੋਂ ਦੋ ਵਰਗ ਫੁੱਟ ਦਾ ਚਮੜੇ ਦਾ ਟੁਕੜਾ ਲੈ ਕੇ ਠੀਕ ਤਰੀਕੇ ਨਾਲ ਗਲੀਆਂ ਕੱਢ ਲਵੋ। ਚਾਰੇ ਖੂੰਜਿਆਂ ਵਾਲੀਆਂ ਗਲੀਆਂ ਵਿੱਚ ਚਾਰ ਵੱਖ-ਵੱਖ ਰੱਸੀਆਂ ਬੰਨ ਕੇ ਉਪਰਲੀਆਂ ਰੱਸੀਆਂ ਨੂੰ ਪਿੱਠ ਉੱਪਰੋਂ ਅਤੇ ਹੇਠਲੀਆਂ ਰੱਸੀਆਂ ਨੂੰ ਪਿਛਲੀਆਂ ਲੱਤਾਂ ਦੇ ਅੰਦਰਲੇ ਪਾਸਿਓ ਕੱਢ ਕੇ ਗਰਦਨ ਦੁਆਲੇ ਲਪੇਟ ਦਿਓ। ਪੂੰਛ ਨੂੰ ਉਪਰਲੀ ਗੋਲ ਗਲੀ ਵਿੱਚੋਂ ਕੱਢ ਕੇ ਚਮੜੇ ਦੇ ਟੁਕੜੇ ਨੂੰ ਆਪਣੀ ਜਗ੍ਹਾ ਉੱਪਰ ਸਥਿਰ ਕੀਤਾ ਜਾਂਦਾ ਹੈ। ਸੂਅ ਨੂੰ ਹੇਠਲੇ ਸੁਰਾਖ ਵਿੱਚੋਂ ਕੱਢ ਕੇ ਪਿਸ਼ਾਬ ਆਉਣ ਲਈ ਰਸਤਾ ਛੱਡ ਦਿੱਤਾ ਜਾਂਦਾ ਹੈ। ਪਿੱਛਾ ਰੋਕਣ ਲਈ ਬੂਨਰ ਸੂਈ ਨਾਲ ਬੁਨਰ ਟਾਂਕਾ ਵੀ ਲਗਾਇਆ ਜਾ ਸਕਦਾ ਹੈ।

**ਪ੍ਰਭਜੋਤ ਕੌਰ ਸਿੱਧੂ ਅਤੇ ਗੁਰਲਾਲ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਬੁੱਧ ਸਿੰਘ ਵਾਲਾ, ਮੋਗਾ**
(ਮੋ. 98720-02240)

# ਸਾਉਣੀ ਰੁੱਤ ਤੋਂ ਬਾਅਦ ਟਰੈਕਟਰ ਦੀ ਸੰਭਾਲ ਲਈ ਜ਼ਰੂਰੀ ਨੁਕਤੇ

**ਅਸੀਮ ਵਰਮਾ ਅਤੇ ਮਹੇਸ਼ ਕੁਮਾਰ ਨਾਰੰਗ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨਿਅਰਿੰਗ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 94171-89222)

ਮਸ਼ੀਨੀਕਰਨ ਤੋਂ ਬਿਨਾਂ ਪੰਜਾਬ ਦੀ ਖੇਤੀ ਸੰਭਵ ਨਹੀਂ। ਜ਼ਮੀਨ ਤੋਂ ਬਾਅਦ ਕਿਸਾਨ ਵੀਰ ਦੀ ਸਭ ਤੋਂ ਵੱਧ ਪੂੰਜੀ ਖੇਤੀਬਾੜੀ ਮਸ਼ੀਨਰੀ ਵਿੱਚ ਹੀ ਲੱਗੀ ਹੁੰਦੀ ਹੈ। ਕਿਸਾਨ ਭਰਾਵੋ, ਇਹ ਜ਼ਰੂਰੀ ਹੈ ਕਿ ਅਸੀਂ ਇੰਨ੍ਹੀ ਵੱਡੀ ਲਾਗਤ ਦੀ ਮਸ਼ੀਨਰੀ ਦੀ, ਵਰਤੋਂ ਤੋਂ ਬਾਅਦ, ਚੰਗੀ ਅਤੇ ਸੁਚੱਜੇ ਤਰੀਕੇ ਨਾਲ ਸੰਭਾਲ ਕਰੀਏ ਤਾਂ ਕਿ ਲੋੜ ਸਮੇਂ ਇਸ ਲਾਗਤ ਦਾ ਪੂਰਾ ਫਾਇਦਾ ਉਠਾ ਸਕੀਏ। ਖੇਤੀ ਦੇ ਮਸ਼ੀਨੀਕਰਨ ਵਿੱਚ ਟਰੈਕਟਰ ਦੀ ਭੂਮਿਕਾ ਸੱਭ ਤੋਂ ਮਹੱਤਵਪੂਰਨ ਹੈ। ਜਦੋਂ ਸਾਨੂੰ ਸੀਜ਼ਨ ਖਤਮ ਹੋਣ ਤੋਂ ਬਾਅਦ ਟਰੈਕਟਰ ਦੀ ਲੰਬੇ ਸਮੇਂ ਲਈ ਜ਼ਰੂਰਤ ਨਹੀਂ ਹੈ ਤਾਂ ਸਾਨੂੰ ਟਰੈਕਟਰ ਦੀ ਸੰਭਾਲ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ :



1. ਟਰੈਕਟਰ ਨੂੰ ਚੰਗੀ ਤਰ੍ਹਾਂ ਧੋ ਕੇ, ਸਾਫ ਕਰਕੇ ਸ਼ੈੱਡ ਹੇਠਾਂ ਖੜ੍ਹਾ ਕਰੋ।
2. ਜੇਕਰ ਕੋਈ ਛੋਟੀ ਮੋਟੀ ਮੁਰੰਮਤ ਹੋਣ ਵਾਲੀ ਹੈ ਜਾਂ ਕਿਤੇ ਕੋਈ ਤੇਲ ਦੀ ਲੀਕੇਜ਼ ਹੈ ਤਾਂ ਉਸਨੂੰ ਠੀਕ ਕਰਵਾ ਲੈਣਾ ਚਾਹੀਦਾ ਹੈ।
3. ਸਾਰੇ ਗਰੀਸ ਵਾਲੇ ਪੁਆਇੰਟ ਚੰਗੀ ਤਰ੍ਹਾਂ ਡੀਜ਼ਲ ਨਾਲ ਸਾਫ ਕਰਕੇ, ਪੁਰਾਣੀ ਗਰੀਸ ਕੱਢ ਕੇ ਨਵੀਂ ਗਰੀਸ ਨਾਲ ਭਰ ਦੇਣੇ ਚਾਹੀਦੇ ਹਨ।
4. ਬੈਟਰੀ ਨੂੰ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕਰੋ ਅਤੇ ਬੈਟਰੀ ਟਰਮੀਨਲ ਨੂੰ ਸਾਫ ਕਰਕੇ ਪੈਟਰੋਲੀਅਮ ਜੈਲੀ ਦਾ ਲੇਪ ਕਰੋ। ਜੇਕਰ ਟਰੈਕਟਰ ਨੂੰ ਲੰਮੇ ਸਮੇਂ ਲਈ ਨਹੀਂ ਵਰਤਣਾ ਹੈ ਤਾਂ ਬੈਟਰੀ ਦੀ ਤਾਰ ਨੂੰ ਅਲੱਗ ਕਰ ਦੇਣਾ ਚਾਹੀਦਾ ਹੈ ਅਤੇ ਸਮੇਂ-ਸਮੇਂ ਤੇ ਬੈਟਰੀ ਨੂੰ ਚਾਰਜ ਕਰਦੇ ਰਹਿਣਾ ਚਾਹੀਦਾ ਹੈ।
5. ਆਮ ਤੌਰ ਤੇ ਟਰੈਕਟਰ ਦੀ ਜ਼ਰੂਰਤ ਛੋਟੇ ਮੋਟੇ ਕੰਮ ਲਈ ਆਮ ਪੈਂਦੀ ਰਹਿੰਦੀ ਹੈ, ਇਸ ਲਈ ਟਾਇਰਾਂ ਦੇ ਬਚਾਅ ਅਤੇ ਬੈਟਰੀ ਦੀ ਸੰਭਾਲ ਲਈ, ਟਰੈਕਟਰ ਨੂੰ ਮਹੀਨੇ ਵਿੱਚ ਇਕ ਦੋ ਵਾਰੀ ਸਟਾਰਟ ਕਰਕੇ ਥੋੜ੍ਹਾ ਚਲਾ ਲੈਣਾ ਚਾਹੀਦਾ ਹੈ।
6. ਜੇਕਰ ਟਰੈਕਟਰ ਨੂੰ ਲੰਮੇ ਸਮੇਂ ਲਈ ਨਹੀਂ ਵਰਤਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਟਰੈਕਟਰ ਨੂੰ ਲੱਕੜ ਦੇ ਗੁਟਕਿਆਂ ਉੱਪਰ ਚੁੱਕ ਦਿਓ ਤਾਂ ਜੋ ਟਾਇਰਾਂ ਤੇ ਦਬਾਅ ਨਾ ਰਹੇ ਅਤੇ ਟਾਇਰਾਂ ਦੀ ਹਵਾ ਵੀ ਘੱਟ ਕਰ ਦੇਣੀ ਚਾਹੀਦੀ ਹੈ।
7. ਟਰੈਕਟਰ ਨੂੰ ਹਮੇਸ਼ਾਂ ਨਿਊਟਰਲ ਗਿਅਰ ਵਿੱਚ, ਸਵਿਚ ਨੂੰ ਬੰਦ ਕਰਕੇ ਅਤੇ ਪਾਰਕਿੰਗ ਬਰੇਕ ਲਗਾ ਕੇ ਖੜ੍ਹਾ ਕਰੋ।
8. ਜੇਕਰ ਧੂੰਏ ਵਾਲੀ ਪਾਈਪ ਅਤੇ ਕਰੈਂਕ ਕੇਸ ਬਰੀਦਰ ਦੇ ਮੂੰਹ ਤੇ ਢੱਕਣ ਨਹੀਂ ਹੈ ਤਾਂ ਕਿਸੇ ਕੱਪੜੇ ਨਾਲ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਨਮੀ ਅੰਦਰ ਨਾ ਜਾ ਸਕੇ।

**ਖੇਤੀ ਦੁਨੀਆਂ**
ਪੰਜਾਬੀ ਖੇਤੀਬਾੜੀ ਸਪਤਾਹਿਕ
**KHETI DUNIYAN**
An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ, ਪਟਿਆਲਾ
ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ, ਪਟਿਆਲਾ-147001
ਮੋਬਾਇਲ 90410-14575
ਈ-ਮੇਲ : khetiduniyan1983@gmail.com

## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Drishti Printers,** 484, Nagra Street, Natan Wali Gali,Backside Dashmesh Market, Near Sher-e-Punjab Market, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). RNI No.**PUNPUN00806**

# ਹਾੜ੍ਹੀ ਦੀਆਂ ਫ਼ਸਲਾਂ ਵਿੱਚ ਪਾਣੀ ਦੀ ਵਿਉਂਤਬੰਦੀ

ਜੀਵਨਜੋਤ ਧਾਲੀਵਾਲ, ਨਵੀਨ ਗੁਪਤਾ ਅਤੇ ਅਸ਼ੋਕ ਕੁਮਾਰ ਗਰਗ
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98787-65404)

**ਪਾਣੀ ਦੀ ਵਿਉਂਤਬੰਦੀ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਵੀ ਓਨੀ ਹੀ ਜ਼ਰੂਰੀ ਹੈ ਜਿੰਨੀ ਸਾਉਣੀ ਦੀਆਂ ਫ਼ਸਲਾਂ ਲਈ। ਹਾਲਾਂਕਿ, ਹਾੜ੍ਹੀ ਵੇਲੇ ਫ਼ਸਲਾਂ ਦਾ ਵਾਸ਼ਪੀਕਰਨ ਘੱਟ ਹੁੰਦਾ ਹੈ ਜਿਸ ਕਾਰਨ ਸਾਉਣੀ ਦੀਆਂ ਫ਼ਸਲਾਂ ਦੇ ਮੁਕਾਬਲੇ ਘੱਟ ਪਾਣੀ ਦੀ ਲੋੜ ਹੁੰਦੀ ਹੈ। ਪਰ ਫਿਰ ਵੀ ਪਾਣੀ ਦੀ ਬੱਚਤ ਲਈ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਵੀ ਸੁਚੱਜੇ ਸਿੰਚਾਈ ਪ੍ਰਬੰਧ ਅਪਨਾਉਣ ਦੀ ਲੋੜ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਵਿੱਚ ਪਾਣੀ ਦੇ ਯੋਗ ਪ੍ਰਬੰਧਨ ਲਈ ਹੇਠ ਲਿਖੀਆਂ ਸਿਫ਼ਾਰਸ਼ਾਂ ਦਿੱਤੀਆਂ ਗਈਆਂ ਹਨ।**



**ੳ) ਕਣਕ**

ਕਣਕ ਨੂੰ ਆਮ ਤੌਰ ਤੇ ਮਿੱਟੀ ਦੀ ਕਿਸਮ ਅਨੁਸਾਰ ਚਾਰ ਤੋਂ ਪੰਜ ਪਾਣੀ ਲੱਗਦੇ ਹਨ। ਕਣਕ ਦੀ ਬਿਜਾਈ 10 ਸੈਂਟੀਮੀਟਰ ਦੀ ਭਰਵੀਂ ਰੌਣੀ ਪਿੱਛੋਂ ਕੀਤੀ ਜਾ ਸਕਦੀ ਹੈ। ਜੇ ਕਣਕ ਝੋਨੇ ਤੋਂ ਬਾਅਦ ਬੀਜਣੀ ਹੋਵੇ ਤਾਂ ਭਰਵੀਂ ਰੌਣੀ ਦੀ ਲੋੜ ਨਹੀਂ ਪੈਂਦੀ। ਜਿੱਥੇ ਝੋਨੇ ਦੀ ਵਾਢੀ ਕੰਬਾਈਨ ਨਾਲ ਨਾ ਕਰਨੀ ਹੋਵੇ ਉੱਥੇ ਝੋਨੇ ਦੀ ਖੜ੍ਹੀ ਫ਼ਸਲ ਵਿੱਚ, ਜ਼ਮੀਨ ਦੀ ਕਿਸਮ ਅਨੁਸਾਰ 5-10 ਦਿਨ ਪਹਿਲਾਂ ਰੌਣੀ ਕਰ ਸਕਦੇ ਹਾਂ। ਇਸ ਤਰ੍ਹਾਂ ਕਰਨ ਨਾਲ ਕਣਕ ਦੀ ਬਿਜਾਈ ਇੱਕ ਹਫ਼ਤਾ ਪਹਿਲਾਂ ਹੋ ਸਕਦੀ ਹੈ। ਕਣਕ ਦੀ ਫ਼ਸਲ ਵਿੱਚ ਸਿੰਚਾਈ ਦਾ ਸਮਾਂ ਬਿਜਾਈ ਦੇ ਸਮੇਂ 'ਤੇ ਨਿਰਭਰ ਕਰਦਾ ਹੈ। ਪਹਿਲੀ ਸਿੰਚਾਈ ਹਲਕੀ ਹੋਣੀ ਚਾਹੀਦੀ ਹੈ, ਅਕਤੂਬਰ ਵਿੱਚ ਬੀਜੀ ਗਈ ਕਣਕ ਲਈ ਪਹਿਲਾ ਪਾਣੀ ਬਿਜਾਈ ਤੋਂ ਤਿੰਨ ਹਫ਼ਤਿਆਂ ਬਾਅਦ ਅਤੇ ਬਾਅਦ ਵਿੱਚ ਬੀਜੀ ਗਈ ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ ਚਾਰ ਹਫ਼ਤਿਆਂ ਬਾਅਦ ਦੇਣਾ ਚਾਹੀਦਾ ਹੈ। 21 ਨਵੰਬਰ ਤੱਕ ਬੀਜੀ ਗਈ ਕਣਕ ਲਈ ਦੂਜਾ ਪਾਣੀ ਪਹਿਲੇ ਪਾਣੀ ਤੋਂ 5-6 ਹਫ਼ਤਿਆਂ ਬਾਅਦ, ਤੀਜਾ ਪਾਣੀ ਦੂਜੇ ਪਾਣੀ ਤੋਂ 5-6 ਹਫ਼ਤਿਆਂ ਬਾਅਦ ਅਤੇ ਚੌਥਾ ਪਾਣੀ ਤੀਜੇ ਪਾਣੀ ਤੋਂ 4 ਹਫ਼ਤਿਆਂ ਬਾਅਦ ਲਗਾਉਣਾ ਚਾਹੀਦਾ ਹੈ। ਇਸੇ ਢੰਗ ਨਾਲ 22 ਨਵੰਬਰ ਤੋਂ 20 ਦਸੰਬਰ ਤੱਕ ਬੀਜੀ ਕਣਕ ਵਿੱਚ ਪਹਿਲਾ ਪਾਣੀ 4 ਹਫ਼ਤਿਆਂ ਤੇ, ਦੂਜਾ ਪਾਣੀ ਪਹਿਲੇ ਪਾਣੀ ਤੋਂ 5-6 ਹਫ਼ਤਿਆਂ ਤੇ, ਤੀਜਾ ਪਾਣੀ ਦੂਜੇ ਪਾਣੀ ਤੋਂ 3-4 ਹਫ਼ਤਿਆਂ ਤੇ ਅਤੇ ਆਖ਼ਰੀ ਪਾਣੀ 2 ਹਫ਼ਤਿਆਂ ਦੇ ਅੰਤਰਾਲ ਤੇ ਲਾਉਣਾ ਚਾਹੀਦਾ ਹੈ। ਪਛੇਤੀ ਕਣਕ ਜੋ 21 ਦਸੰਬਰ ਤੋਂ 15 ਜਨਵਰੀ ਤੱਕ ਬੀਜੀ ਗਈ ਹੋਵੇ ਉਸ ਨੂੰ ਪਹਿਲਾ ਅਤੇ ਦੂਜਾ ਪਾਣੀ 4-4 ਹਫ਼ਤਿਆਂ ਤੇ, ਤੀਜਾ ਪਾਣੀ ਦੂਜੇ ਪਾਣੀ ਤੋਂ 3 ਹਫ਼ਤਿਆਂ ਬਾਅਦ ਅਤੇ ਚੌਥਾ ਪਾਣੀ ਤੀਜੇ ਪਾਣੀ ਤੋਂ 2 ਹਫ਼ਤਿਆਂ ਦੇ ਫਰਕ ਤੇ ਲਗਾ ਦੇਣਾ ਚਾਹੀਦਾ ਹੈ। ਸਿੰਚਾਈ ਲਈ ਦੱਸਿਆ ਸਮਾਂ ਦੋ-ਤਿੰਨ ਦਿਨ ਅੱਗੇ-ਪਿੱਛੇ ਹੋ ਸਕਦਾ ਹੈ। ਜੇ ਇੱਕ ਸੈਂਟੀਮੀਟਰ ਮੀਂਹ ਪਵੇ ਤਾਂ ਸਿੰਚਾਈ ਜਨਵਰੀ ਦੇ ਅਖੀਰ ਤੱਕ 5 ਦਿਨ ਪਛੇਤੀ ਅਤੇ ਉਸ ਤੋਂ ਬਾਅਦ ਦੋ ਦਿਨ ਪਛੇਤੀ ਕਰ ਦੇਣੀ ਚਾਹੀਦੀ ਹੈ। ਸਮੇਂ ਸਿਰ ਬੀਜੀ ਕਣਕ ਨੂੰ ਦਾਣੇ ਪੈਣ ਵੇਲੇ ਲੋੜ ਤੋਂ ਜ਼ਿਆਦਾ ਵੱਧਦੇ ਤਾਪਮਾਨ ਤੋਂ ਬਚਾਉਣ ਲਈ ਮੀਂਹ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਰਚ ਦੇ ਅਖੀਰ ਤੱਕ ਵੀ ਪਾਣੀ ਲਗਾਇਆ ਜਾ ਸਕਦਾ ਹੈ। ਪੰਜ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 10 ਅਪ੍ਰੈਲ ਤੱਕ ਪਾਣੀ ਲਾਉਂਦੇ ਰਹਿਣਾ ਚਾਹੀਦਾ ਹੈ। ਇਹ ਖ਼ਿਆਲ ਰੱਖਿਆ ਜਾਵੇ ਕਿ ਪਾਣੀ ਲਾਉਣ ਵੇਲੇ ਹਵਾ ਨਾ ਚੱਲਦੀ ਹੋਵੇ, ਨਹੀਂ ਤਾਂ ਫ਼ਸਲ ਡਿੱਗ ਸਕਦੀ ਹੈ। ਕਣਕ ਦੀ ਬਿਜਾਈ ਝੋਨੇ ਦੇ ਖੜ੍ਹੇ ਮੁੱਢਾਂ ਵਿੱਚ ਜ਼ੀਰੋ ਟਿੱਲ ਡਰਿਲ ਜਾਂ ਹੈਪੀ ਸੀਡਰ ਜਾਂ ਸੁਪਰ ਸੀਡਰ ਰਾਹੀਂ ਬਹੁਤ ਵਧੀਆ ਤਰੀਕੇ ਨਾਲ ਕੀਤੀ ਜਾ ਸਕਦੀ ਹੈ। ਜਿਸ ਨਾਲ ਝੋਨੇ ਦੀ ਪਰਾਲੀ ਅਤੇ ਬਾਕੀ ਰਹਿੰਦ ਖੂੰਹਦ ਦੀ ਖੇਤ ਵਿੱਚ ਸੁਚੱਜੇ ਤਰੀਕੇ ਨਾਲ ਸਾਂਭ ਸੰਭਾਲ ਹੋ ਜਾਂਦੀ ਹੈ ਅਤੇ ਪਾਣੀ ਦੀ ਵੀ ਬੱਚਤ ਹੁੰਦੀ ਹੈ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਜ਼ਮੀਨ ਦੀ ਸਤਿਹ ਤੇ ਤਾਪਮਾਨ ਨੂੰ ਸਥਿਰ ਕਰਕੇ ਵਾਸ਼ਪੀਕਰਨ ਵੀ ਰੋਕਦੀ ਹੈ।

ਸਿੰਚਾਈ ਵਾਲੇ ਪਾਣੀ ਦੀ ਸੁਚੱਜੀ ਅਤੇ ਇਕਸਾਰ ਵਰਤੋਂ ਲਈ ਭਾਰੀਆਂ ਜ਼ਮੀਨਾਂ ਵਿੱਚ 8 ਅਤੇ ਹਲਕੀਆਂ ਜ਼ਮੀਨਾਂ ਵਿੱਚ 16 ਕਿਆਰੇ ਪ੍ਰਤੀ ਏਕੜ ਪਾਉਣਾ ਲਾਹੇਵੰਦ ਰਹਿੰਦਾ ਹੈ। ਇਸ ਨਾਲ ਖੇਤ ਨੂੰ ਪਾਣੀ ਲਾਉਣ ਵੇਲੇ ਸਮੇਂ ਅਤੇ ਪਾਣੀ ਦੀ ਬੱਚਤ ਵੀ ਹੋਵੇਗੀ। ਇਹ ਵੀ ਅਕਸਰ ਦੇਖਣ ਵਿੱਚ ਆਇਆ ਹੈ ਕਿ ਸੁਪਰ ਸੀਡਰ ਵਿਧੀ ਨਾਲ ਬੀਜੀ ਕਣਕ ਪਹਿਲੇ ਪਾਣੀ ਤੋਂ ਬਾਅਦ ਪੀਲੀ ਦਿਖਾਈ ਦੇਣ ਲੱਗ ਪੈਂਦੀ ਹੈ ਜਿਸਦਾ ਮੁੱਖ ਕਾਰਜ ਪਾਣੀ ਪ੍ਰਬੰਧ ਹੈ ਇਸ ਲਈ ਛੋਟੇ ਕਿਆਰੇ ਪਾ ਕੇ ਪਾਣੀ ਦਾ ਸਹੀ ਪ੍ਰਬੰਧ ਕੀਤਾ ਜਾ ਸਕਦਾ ਹੈ।

**ਕਣਕ ਦੀ ਬੈੱਡਾਂ ਉੱਤੇ ਬਿਜਾਈ** : ਦਰਮਿਆਨੀ ਤੋਂ ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਵਿੱਚ ਕਣਕ ਨੂੰ ਬੈੱਡਾਂ ਤੇ ਬੀਜ ਪਾ ਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। 'ਬੈੱਡ ਪਲਾਂਟਰ' ਨਾਲ 37.5 ਸੈਂਟੀਮੀਟਰ ਚੌੜੇ ਬੈੱਡ ਤੇ 20 ਸੈਂਟੀਮੀਟਰ ਵਿੱਥ ਤੇ 30 ਕਿਲੋ ਪ੍ਰਤੀ ਏਕੜ ਕਣਕ ਦੇ ਬੀਜ ਨੂੰ ਦੋ ਕਤਾਰਾਂ ਵਿੱਚ ਬੀਜਿਆ ਜਾ ਸਕਦਾ ਹੈ। ਦੋ ਬੈੱਡਾਂ ਵਿਚਕਾਰ ਪਾਣੀ ਲਈ 30 ਸੈਂਟੀਮੀਟਰ ਚੌੜੀ ਖਾਲੀ ਬਣਾਈ ਜਾਂਦੀ ਹੈ। ਇਸ ਵਿਧੀ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਨਦੀਨ ਵੀ ਘੱਟ ਉੱਗਦੇ ਹਨ ਅਤੇ ਪੌਰੀ ਗਈ ਖਾਦ ਦੀ ਵੀ ਸੁਚੱਜੀ ਵਰਤੋਂ ਹੁੰਦੀ ਹੈ।

**ਅ) ਰਾਇਆ ਤੇ ਗੋਭੀ ਸਰ੍ਹੋਂ**

ਜੇ ਰਾਇਆ, ਗੋਭੀ ਸਰ੍ਹੋਂ ਅਤੇ ਅਫ਼ਰੀਕਨ ਸਰ੍ਹੋਂ ਦੀ ਬਿਜਾਈ ਭਾਰੀ ਰੌਣੀ (10-12 ਸੈਂਟੀਮੀਟਰ) ਤੋਂ ਬਾਅਦ ਕੀਤੀ ਗਈ ਹੋਵੇ ਤਾਂ ਪਹਿਲਾ ਪਾਣੀ ਤਿੰਨ ਤੋਂ ਚਾਰ ਹਫ਼ਤੇ ਬਾਅਦ ਲਾ ਦੇਣਾ ਚਾਹੀਦਾ ਹੈ। ਇਸ ਨਾਲ ਪੌਦਿਆਂ ਦੀਆਂ ਜੜ੍ਹਾਂ ਡੂੰਘੀਆਂ ਜਾਣਗੀਆਂ ਜੋ ਕਿ ਖਾਦ ਦੀ ਯੋਗ ਵਰਤੋਂ ਲਈ ਜ਼ਰੂਰੀ ਹਨ। ਰਾਇਆ ਅਤੇ ਅਫ਼ਰੀਕਨ ਸਰ੍ਹੋਂ ਦੀ ਫ਼ਸਲ ਨੂੰ ਜੇ ਜ਼ਰੂਰਤ ਹੋਵੇ ਤਾਂ ਦੂਸਰਾ ਪਾਣੀ ਫੁੱਲ ਪੈਣ ਤੇ ਦਿਉ। ਜੇ ਕੋਰਾ ਪੈਣ ਦਾ ਡਰ ਹੋਵੇ ਤਾਂ ਦੂਸਰਾ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ। ਗੋਭੀ ਸਰ੍ਹੋਂ ਦੀ ਫ਼ਸਲ ਨੂੰ ਦੂਸਰਾ ਪਾਣੀ ਦਸੰਬਰ ਅਖ਼ੀਰ ਜਾਂ ਜਨਵਰੀ ਦੇ ਸ਼ੁਰੂ ਵਿੱਚ ਲਾਉ। ਤੀਸਰਾ ਅਤੇ ਆਖਰੀ ਪਾਣੀ ਫਰਵਰੀ ਦੇ ਦੂਜੇ ਪੰਦਰਵਾੜੇ ਵਿੱਚ ਲਗਾਇਆ ਜਾ ਸਕਦਾ ਹੈ। ਇਸ ਤੋਂ ਬਾਅਦ ਪਾਣੀ ਨਹੀਂ ਦੇਣਾ ਚਾਹੀਦਾ ਨਹੀਂ ਤਾਂ ਫ਼ਸਲ ਡਿੱਗ ਸਕਦੀ ਹੈ। ਰਾਇਆ ਅਤੇ ਗੋਭੀ ਸਰ੍ਹੋਂ ਨੂੰ 7 ਦਿਨਾਂ ਦੇ ਵਕਫੇ ਤੇ ਤੁਪਕਾ ਸਿੰਚਾਈ ਵਿਧੀ ਨਾਲ ਬਰੀਕ ਪਾਈਪ (ਲੇਟਰਲ ਪਾਈਪ) ਜਿਸ ਤੇ 30 ਸੈਂ. ਮੀ. ਦੀ ਦੂਰੀ ਤੇ ਡਰਿੱਪਰ ਹੋਣ ਅਤੇ ਦੋ ਲੇਟਰਲ ਪਾਈਪਾਂ ਵਿਚਕਾਰ ਫਾਸਲਾ 60 ਸੈਂ. ਮੀ. ਹੋਵੇ, ਪਾਣੀ ਲਗਾਉ। ਜੇਕਰ ਡਰਿੱਪਰ ਦੀ ਸਮਰੱਥਾ 2.2 ਲਿਟਰ ਪਾਣੀ ਪ੍ਰਤੀ ਘੰਟਾ ਕੱਢਣ ਦੀ ਹੋਵੇ ਤਾਂ ਸਿੰਚਾਈ ਦਾ ਸਮਾਂ ਇਸ ਪ੍ਰਕਾਰ ਹੋਣਾ ਚਾਹੀਦਾ ਹੈ- ਨਵੰਬਰ ਵਿੱਚ ਰਾਇਆ ਨੂੰ 60 ਮਿੰਟ, ਗੋਭੀ ਸਰ੍ਹੋਂ ਨੂੰ 70 ਮਿੰਟ; ਦਸੰਬਰ ਵਿੱਚ ਰਾਇਆ ਨੂੰ 55 ਮਿੰਟ, ਗੋਭੀ ਸਰ੍ਹੋਂ ਨੂੰ 60 ਮਿੰਟ; ਜਨਵਰੀ ਵਿੱਚ ਰਾਇਆ ਨੂੰ 40 ਮਿੰਟ, ਗੋਭੀ ਸਰ੍ਹੋਂ ਨੂੰ 50 ਮਿੰਟ; ਫ਼ਰਵਰੀ ਵਿੱਚ ਰਾਇਆ ਨੂੰ 45 ਮਿੰਟ, ਗੋਭੀ ਸਰ੍ਹੋਂ ਨੂੰ 50 ਮਿੰਟ; ਮਾਰਚ ਵਿੱਚ ਗੋਭੀ ਸਰ੍ਹੋਂ ਨੂੰ 60 ਮਿੰਟ ਹੋਣਾ ਚਾਹੀਦਾ ਹੈ।



**ੲ) ਛੋਲੇ**

ਛੋਲਿਆਂ ਨੂੰ ਬਿਜਾਈ ਤੋਂ ਪਹਿਲਾਂ ਸੇਜੂ ਹਲਾਤਾਂ ਵਿੱਚ ਭਰਵੀਂ ਰੌਣੀ ਕਰਨੀ ਬਹੁਤ ਜ਼ਰੂਰੀ ਹੈ। ਇਸ ਨਾਲ ਜੜ੍ਹਾਂ ਡੂੰਘੀਆਂ ਜਾਂਦੀਆਂ ਹਨ ਅਤੇ ਭੂਮੀ ਵਿਚਲੇ ਪਾਣੀ ਦੀ ਵੀ ਯੋਗ ਵਰਤੋਂ ਹੁੰਦੀ ਹੈ। ਛੋਲਿਆਂ ਨੂੰ ਬਾਅਦ ਵਿੱਚ ਲੋੜ ਮੁਤਾਬਿਕ ਕੇਵਲ ਇੱਕ ਪਾਣੀ ਦੇਣ ਦੀ ਹੀ ਲੋੜ ਹੁੰਦੀ ਹੈ। ਇਹ ਪਾਣੀ ਬਿਜਾਈ ਦੇ ਸਮੇਂ ਅਤੇ ਬਾਰਿਸ਼ ਅਨੁਸਾਰ ਅੱਧ ਦਸੰਬਰ ਤੋਂ ਅੰਤ ਜਨਵਰੀ ਦਰਮਿਆਨ ਲਗਾਉਣਾ ਚਾਹੀਦਾ ਹੈ। ਇਹ ਪਾਣੀ ਕਿਸੇ ਵੀ ਹਾਲਤ ਵਿੱਚ ਬਿਜਾਈ ਤੋਂ 4 ਹਫ਼ਤੇ ਦੇ ਅੰਦਰ ਨਹੀਂ ਦੇਣਾ ਚਾਹੀਦਾ। ਜੇਕਰ ਬਾਰਸ਼ ਪਹਿਲਾਂ ਹੋ ਜਾਵੇ ਤਾਂ ਇਹ ਪਾਣੀ ਹੋਰ ਵੀ ਪਛੇਤਾ ਕਰ ਦੇਣਾ ਚਾਹੀਦਾ ਹੈ। ਬਹੁਤਾ ਪਾਣੀ ਦੇਣ ਨਾਲ ਬੂਟੇ ਦਾ ਫੁਲਾਟ ਬਹੁਤ ਵੱਧ ਜਾਂਦਾ ਹੈ। ਭਾਰੀਆਂ ਜ਼ਮੀਨਾਂ ਵਿੱਚ ਝੋਨੇ ਪਿੱਛੋਂ ਬੀਜੇ ਛੋਲਿਆਂ ਨੂੰ ਪਾਣੀ ਬਿਲਕੁਲ ਨਹੀਂ ਲਾਉਣਾ ਚਾਹੀਦਾ। ਝੋਨੇ ਵਾਲੇ ਖੇਤਾਂ ਵਿੱਚ ਜੇਕਰ ਪਾਣੀ ਲਾ ਦੇਈਏ ਤਾਂ ਸਾਰੀ ਦੀ ਸਾਰੀ ਫ਼ਸਲ ਤਬਾਹ ਹੋ ਜਾਂਦੀ ਹੈ। ਡੱਡੇ ਬਣਨ ਵੇਲੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ, ਝੋਨੇ ਪਿੱਛੋਂ ਵੱਟਾਂ ਉੱਤੇ ਬੀਜੇ ਛੋਲਿਆਂ ਨੂੰ ਪਾਣੀ ਲਾਇਆ ਜਾ ਸਕਦਾ ਹੈ।



**ਸ) ਪੱਤਝੜ ਰੁੱਤ ਦਾ ਕਮਾਦ**

20 ਸਤੰਬਰ ਤੋਂ 20 ਅਕਤੂਬਰ ਤੱਕ ਬੀਜੇ ਕਮਾਦ ਨੂੰ ਪਹਿਲਾ ਪਾਣੀ ਬਿਜਾਈ ਤੋਂ ਇੱਕ ਮਹੀਨੇ ਬਾਅਦ ਅਤੇ ਇਸ ਪਿੱਛੋਂ ਫ਼ਰਵਰੀ ਤੱਕ ਤਿੰਨ ਪਾਣੀ ਲਾਉ। ਗਰਮ ਅਤੇ ਖੁਸ਼ਕ ਮੌਸਮ ਕਰਕੇ ਅਪ੍ਰੈਲ ਤੋਂ ਜੂਨ ਵਾਲਾ ਸਮਾਂ ਕਮਾਦ ਦੇ ਵਾਧੇ ਲਈ ਬਹੁਤ ਨਾਜ਼ੁਕ ਸਮਾਂ ਹੈ। ਇਸ ਸਮੇਂ ਫ਼ਸਲ ਨੂੰ 7-12 ਦਿਨਾਂ ਦੇ ਵਕਫ਼ੇ ਅੰਦਰ ਲੋੜ ਮੁਤਾਬਕ ਪਾਣੀ ਦਿੰਦੇ ਰਹੋ। ਬਾਰਸ਼ਾਂ ਦੇ ਦਿਨਾਂ ਵਿੱਚ ਜੇਕਰ ਖੇਤ ਵਿੱਚ ਬਾਰਸ਼ਾਂ ਨਾਲ ਬਹੁਤਾ ਪਾਣੀ ਖੜ੍ਹਾ ਹੋ ਜਾਵੇ ਤਾਂ ਉਸ ਨੂੰ ਬਾਹਰ ਕੱਢ ਦਿਓ। ਦੋ ਕਤਾਰੀ (30:120 ਸੈਂਟੀਮੀਟਰ) ਵਿਧੀ ਨਾਲ ਬੀਜੀ ਹੋਈ ਕਮਾਦ ਦੀ ਫ਼ਸਲ ਨੂੰ 3 ਦਿਨਾਂ ਦੇ ਵਕਫ਼ੇ ਤੇ 20 ਸੈਂਟੀਮੀਟਰ ਡੂੰਘੀਆਂ ਵਿਛਾਈਆਂ ਹੋਈਆਂ ਬਰੀਕ ਪਾਈਪਾਂ (ਲੇਟਰਲ), ਜਿੰਨ੍ਹਾਂ ਦੀ ਆਪਸ ਵਿੱਚ ਵਿੱਥ 150 ਸੈਂਟੀਮੀਟਰ ਅਤੇ ਡਰਿੱਪਰ ਤੋਂ ਡਰਿੱਪਰ ਦਾ ਆਪਸੀ ਫ਼ਾਸਲਾ 30 ਸੈਂਟੀਮੀਟਰ ਹੋਵੇ ਅਤੇ ਡਰਿੱਪਰ ਦਾ ਨਿਕਾਸ 2.2 ਲਿਟਰ ਪ੍ਰਤੀ ਘੰਟਾ ਹੋਵੇ ਤਾਂ ਸਿੰਚਾਈ ਦਾ ਸਮਾਂ 120 ਮਿੰਟ (ਅਪ੍ਰੈਲ-ਜੂਨ), 100 ਮਿੰਟ (ਜੁਲਾਈ-ਅਗਸਤ), 80 ਮਿੰਟ (ਸਤੰਬਰ-ਅਕਤੂਬਰ), 60 ਮਿੰਟ (ਨਵੰਬਰ-ਦਸੰਬਰ) ਹੋਣਾ ਚਾਹੀਦਾ ਹੈ।



ਅੰਤ ਵਿੱਚ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਤੇ ਠਲ੍ਹ ਪਾਉਣ ਲਈ ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਾੜ੍ਹੀ ਦੀਆਂ ਫ਼ਸਲਾਂ ਨੂੰ ਉਪਰੋਕਤ ਦੱਸੀਆਂ ਗਈਆਂ ਵਿਧੀਆਂ ਨਾਲ ਪਾਣੀ ਲਾਉਣ ਤਾਂ ਕਿ ਆਉਣ ਵਾਲੀਆਂ ਪੁਸ਼ਤਾਂ ਲਈ ਇਸ ਕੁਦਰਤੀ ਸੋਮੇ ਨੂੰ ਸਾਂਭ ਕੇ ਰੱਖਿਆ ਜਾ ਸਕੇ।



# ਹਾੜ੍ਹੀ ਦੀਆਂ ਫ਼ਸਲਾਂ ਵਿੱਚ ਪੰਛੀਆਂ ਦੇ ਨੁਕਸਾਨ ਤੋਂ ਬਚਾਅ ਦੇ ਤਰੀਕੇ

ਫ਼ਸਲਾਂ ਦਾ ਕਈ ਤਰ੍ਹਾਂ ਦੇ ਕੀੜੇ-ਮਕੌੜੇ ਅਤੇ ਜਰਾਸੀਮ ਆਦਿ ਦੁਆਰਾ ਨੁਕਸਾਨ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚੋਂ ਪੰਛੀ ਮਹੱਤਵਪੂਰਨ ਹਨ। ਪੰਜਾਬ ਵਿੱਚ ਪੰਛੀਆਂ ਦੀਆਂ ਤਿੰਨ ਸੌ ਤੋਂ ਵੱਧ ਕਿਸਮਾਂ ਹਨ, ਜਿਨ੍ਹਾਂ ਵਿੱਚੋਂ ਕੁਝ ਕਿਸਮਾਂ ਹੀ ਖੇਤਾਂ ਵਿੱਚ ਨੁਕਸਾਨ ਕਰਦੀਆਂ ਹਨ। ਜ਼ਿਆਦਾਤਰ ਪੰਛੀ ਖੇਤਾਂ ਵਿੱਚ ਸੁੰਡੀਆਂ ਨੂੰ ਖਾਂਦੇ ਹਨ, ਜਿਸ ਕਰਕੇ ਖੇਤਾਂ ਵਿੱਚ ਕੀਟਾਂ ਦੇ ਨੁਕਸਾਨ ਨੂੰ ਕੁਦਰਤੀ ਤਰੀਕੇ ਨਾਲ ਘਟਾਇਆ ਜਾ ਸਕਦਾ ਹੈ। ਹਾਨੀਕਾਰਕ ਪੰਛੀਆਂ ਵਿੱਚ ਕਾਂ ਅਤੇ ਤੋਤਾ ਹਨ ਜੋ ਕਿ ਦਾਣਿਆਂ ਵਾਲੀਆਂ ਫ਼ਸਲਾਂ, ਤੇਲਬੀਜ ਫ਼ਸਲਾਂ ਅਤੇ ਬਾਗਾਂ ਵਿੱਚ ਪੁੰਗਰਨ ਅਤੇ ਪੱਕਣ ਦੇ ਸਮੇਂ ਕਾਫ਼ੀ ਨੁਕਸਾਨ ਕਰਦੇ ਹਨ। ਘੁੱਗੀਆਂ, ਕਬੂਤਰ ਆਦਿ ਪੰਛੀ ਗੁਦਾਮਾਂ ਵਿੱਚ ਪਏ ਅਨਾਜ ਨੂੰ ਖਾਂਦੇ ਹਨ ਅਤੇ ਕਰੋੜਾਂ ਰੁਪਇਆਂ ਦਾ ਨੁਕਸਾਨ ਕਰਦੇ ਹਨ। ਸਾਨੂੰ ਫ਼ਸਲਾਂ ਨੂੰ ਪੰਛੀਆਂ ਦੇ ਨੁਕਸਾਨ ਤੋਂ ਬਚਾਉਣ ਲਈ ਵੱਖ-ਵੱਖ ਤਰੀਕੇ ਜਿਵੇਂ ਕਿ ਮਸ਼ੀਨੀ ਤਰੀਕੇ, ਰਵਾਇਤੀ ਤਰੀਕੇ ਅਤੇ ਕੁਦਰਤੀ ਤਰੀਕਿਆਂ ਦੀ ਸਹੀ ਸਮੇਂ ਅਤੇ ਸਹੀ ਢੰਗ ਨਾਲ ਵਰਤੋਂ ਕਰਨੀ ਚਾਹੀਦੀ ਹੈ।

## ਹਾਨੀਕਾਰਕ ਪੰਛੀਆਂ ਤੋਂ ਬਚਾਅ ਦੇ ਤਰੀਕੇ

**ੳ) ਯੰਤਰਾਂ ਰਾਹੀਂ :**

★ ਵੱਖ-ਵੱਖ ਪਟਾਕਿਆਂ ਦੇ ਧਮਾਕਿਆਂ ਦੀ ਮਦਦ ਨਾਲ ਪੰਛੀਆਂ ਨੂੰ ਉਡਾਓ।

★ ਡਰਨਾ ਜਿਸ ਨੂੰ ਕਿ ਇੱਕ ਪੁਰਾਣੀ ਮਿੱਟੀ ਦੀ ਹਾਂਡੀ ਆਦਿ ਲੈ ਕੇ ਉਸ ਉੱਤੇ ਰੰਗ ਨਾਲ ਮਨੁੱਖੀ ਸਿਰ ਉਲੀਕ ਦਿੱਤਾ ਜਾਂਦਾ ਹੈ ਅਤੇ ਉਸਨੂੰ ਖੇਤ ਵਿੱਚ ਗੱਡੇ ਹੋਏ ਡੰਡਿਆਂ ਤੇ ਟਿਕਾ ਕੇ ਮਨੁੱਖੀ ਪੋਸ਼ਾਕ ਪੁਆ ਦਿੱਤੀ ਜਾਂਦੀ ਹੈ, ਖੇਤ ਵਿੱਚ ਪੰਛੀਆਂ ਨੂੰ ਮਨੁੱਖ ਦਾ ਭੁਲੇਖਾ ਪਾਉਂਦਾ ਹੈ। ਇਸ ਦੀ ਦਿਸ਼ਾ ਅਤੇ ਥਾਂ ਦਸ ਦਿਨ ਦੇ ਵਕਫ਼ੇ ਤੇ ਬਦਲ ਦੇਣੀ ਚਾਹੀਦੀ ਹੈ ਅਤੇ ਇਸਨੂੰ ਫ਼ਸਲ ਦੀ ਉਚਾਈ ਤੋਂ ਘੱਟੋ-ਘੱਟ ਇੱਕ ਮੀਟਰ ਉੱਚਾ ਲਗਾਉਣਾ ਚਾਹੀਦਾ ਹੈ।



★ ਇੱਕ ਰੱਸੀ ਲਵੋ ਅਤੇ ਛੇ ਤੋਂ ਅੱਠ ਇੰਚ ਦੂਰੀ ਤੇ ਪਟਾਕਿਆਂ ਤੇ ਛੋਟੇ-ਛੋਟੇ ਬੰਡਲ ਬੰਨ੍ਹ ਦਿਉ ਅਤੇ ਰੱਸੀ ਦੇ ਹੇਠਲੇ ਹਿੱਸੇ ਨੂੰ ਅੱਗ ਨਾਲ ਧੁਖਾ ਦਿਉ। ਇਸ ਤਰ੍ਹਾਂ ਪਟਾਕਿਆਂ ਤੇ ਅੱਗ ਫੜਨ ਨਾਲ ਵੱਖ-ਵੱਖ ਸਮੇਂ ਤੋਂ ਧਮਾਕੇ ਹੁੰਦੇ ਹਨ, ਜਿਸ ਵਿੱਚ ਪੁੰਗਰ ਰਹੀ ਅਤੇ ਪੱਕ ਰਹੀ ਫ਼ਸਲ ਤੋਂ ਪੰਛੀਆਂ ਨੂੰ ਉਡਾਇਆ ਜਾ ਸਕਦਾ ਹੈ।

**ਅ) ਰਵਾਇਤੀ ਤਰੀਕੇ :**

★ ਜਿੰਨਾਂ ਖੇਤਾਂ ਵਿੱਚ ਮੱਕੀ ਅਤੇ ਸੂਰਜਮੁੱਖੀ ਦੀ ਫ਼ਸਲ ਬੀਜੀ ਹੋਵੇ ਉਹਨਾਂ ਦੇ ਆਲੇ-ਦੁਆਲੇ ਬਾਹਰਲੀਆਂ ਦੋ-ਤਿੰਨ ਲਾਈਨਾਂ ਵਿੱਚ ਬਾਜਰਾ ਜਾਂ ਢੈਂਚਾ ਲਗਾਉਣਾ ਚਾਹੀਦਾ ਹੈ। ਜੋ ਕਿ ਪੰਛੀਆਂ ਦੀ ਪਸੰਦੀਦਾ ਖੁਰਾਕ ਹਨ। ਕੱਦ ਲੰਬਾ ਹੋਣ ਕਰਕੇ ਇਹ ਮੁੱਖ ਫ਼ਸਲ ਨੂੰ ਡਿੱਗਣ ਤੋਂ ਬਚਾਉਂਦੀਆਂ ਹਨ।

★ ਮੱਕੀ ਅਤੇ ਸੂਰਜਮੁਖੀ ਫ਼ਸਲਾਂ ਦੀ ਬਿਜਾਈ ਨਾਲ ਲਗਦੇ ਦਰੱਖ਼ਤਾਂ, ਬਿਜਲੀ ਦੇ ਖੰਬਿਆਂ ਤੋਂ ਦੂਰ ਵੱਡੇ ਰਕਬੇ (ਘੱਟੋ-ਘੱਟ ਦੋ-ਤਿੰਨ ਏਕੜ) ਤੇ ਕਰਨੀ ਚਾਹੀਦੀ ਹੈ।

**ੲ) ਚਿਤਾਵਨੀ ਅਵਾਜ਼ਾਂ :**

ਪੰਛੀਆਂ ਦੇ ਝੁੰਡਾਂ ਦੀਆਂ ਚਿਤਾਵਨੀ ਭਰੀਆਂ ਅਵਾਜ਼ਾਂ ਸੀ. ਡੀ. ਵਿੱਚ ਭਰੀਆਂ ਹਨ ਜੋ ਕਿ ਸੰਚਾਰ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਉਪਲੱਬਧ ਹਨ। ਇਹਨਾਂ ਨੂੰ ਇੱਕ ਘੰਟੇ ਦੇ ਵਕਫੇ ਨਾਲ ਅੱਧੇ ਘੰਟੇ ਵਾਸਤੇ ਦੋ ਵਾਰੀ ਸਵੇਰੇ 7 ਤੋਂ 9 ਵਜੇ ਅਤੇ ਸ਼ਾਮ ਨੂੰ 5 ਤੋਂ 7 ਵਜੇ ਤੱਕ ਵਜਾਉਣਾ ਚਾਹੀਦਾ ਹੈ, ਜਿਸ ਦਾ ਅਸਰ 15 ਤੋਂ 20 ਦਿਨ ਤੱਕ ਰਹਿੰਦਾ ਹੈ ਅਤੇ ਪੰਛੀ ਮੁੜ ਵਾਪਸ ਨਹੀਂ ਆਉਂਦੇ।

ਉਪਰੋਕਤ ਦੱਸੇ ਤਰੀਕਿਆਂ ਦੀ ਸੁਚੱਜੀ ਵਰਤੋਂ ਕਰਕੇ ਕਿਸਾਨ ਵੀਰ ਫ਼ਸਲਾਂ ਨੂੰ ਪੰਛੀਆਂ ਦੇ ਨੁਕਸਾਨ ਤੋਂ ਬਚਾ ਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ।

ਤੇਜਦੀਪ ਕੌਰ ਕਲੇਰ ਅਤੇ ਰਾਜਵਿੰਦਰ ਸਿੰਘ, ਜੀਵ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 98142-43289





# ਪੌਲੀਹਾਊਸ ਵਿੱਚ ਫੁੱਲਾਂ ਦੀ ਕਾਸ਼ਤ

ਰਣਜੀਤ ਸਿੰਘ, ਪਰਮਿੰਦਰ ਸਿੰਘ ਅਤੇ ਤਾਨਿਆ ਠਾਕੁਰ,
ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 79865-43369)

**ਉੱਚ ਮਿਆਰ ਵਾਲੇ ਫੁੱਲਾਂ ਦੀ ਵੱਧਦੀ ਮੰਗ, ਗ੍ਰੀਨਹਾਊਸਾਂ ਅਤੇ ਪੌਲੀਹਾਊਸਾਂ ਦੀਆਂ ਤਕਨਾਲੋਜੀਆਂ ਅਤੇ ਸਬਸਿਡੀਆਂ, ਸਿਖਲਾਈ ਅਤੇ ਬੁਨਿਆਦੀ ਢਾਂਚੇ ਰੂਪੀ ਸਰਕਾਰੀ ਸਹਾਇਤਾਂ ਨੇ ਕਿਸਾਨਾਂ ਨੂੰ ਫੁੱਲਾਂ ਦੀਆਂ ਫ਼ਸਲਾਂ ਦੀ ਸੁਰੱਖਿਅਤ ਕਾਸ਼ਤ ਲਈ ਉਤਸ਼ਾਹਿਤ ਕਰਕੇ ਸਮਰੱਥ ਬਣਾਇਆ ਹੈ।**

**ਪੰਜਾਬ ਵਿੱਚ ਸੁਰੱਖਿਅਤ ਕਾਸ਼ਤ ਅਧੀਨ ਉਗਾਈਆਂ ਜਾਣ ਵਾਲੀਆਂ ਫੁੱਲਾਂ ਦੀਆਂ ਫ਼ਸਲਾਂ ਲਈ ਉਤਪਾਦਨ ਤਕਨਾਲੋਜੀ :**

**1. ਜਰਬੇਰਾ** : ਕੱਟੇ ਹੋਏ ਫੁੱਲਾਂ ਦੇ ਉਤਪਾਦਨ ਲਈ ਅਤੇ ਗਮਲੇ ਦੇ ਪੌਦੇ ਵਜੋਂ ਕੁਦਰਤੀ ਤੌਰ 'ਤੇ ਹਵਾਦਾਰ ਪੌਲੀਹਾਊਸਾਂ ਦੇ ਹੇਠਾਂ ਉਗਾਈ ਜਾਣ ਵਾਲੀ ਵਪਾਰਕ ਫ਼ਸਲ ਹੈ। ਕਾਸ਼ਤ ਲਈ ਦਿਨ ਦਾ ਤਾਪਮਾਨ



20-25° ਸੈਲਸੀਅਸ ਅਤੇ ਰਾਤ ਦਾ ਤਾਪਮਾਨ 12-15° ਸੈਲਸੀਅਸ ਆਦਰਸ਼ ਹੈ। ਗਰਮੀਆਂ ਦੌਰਾਨ 50% ਛਾਂ ਦੇ ਨਾਲ 70-75% ਨਮੀ ਦੀ ਲੋੜ ਹੁੰਦੀ ਹੈ। ਕਾਸ਼ਤ ਕੀਤੀਆਂ ਜਾਣ ਵਾਲੀਆਂ ਕਿਸਮਾਂ ਜੂਲੀਆ, ਐਮਲੇਟ, ਸਨੋ ਫਲੇਕ, ਵਿੰਟਰ ਕਵੀਨ, ਹਵਾਨਾ, ਪਿੰਕ ਐਲੀਗੈਂਸ ਆਦਿ ਹਨ। ਇਸਦਾ ਵਪਾਰਕ ਤੌਰ 'ਤੇ ਟਿਸ਼ੂ ਕਲਚਰ ਰਾਹੀਂ ਪੌਦ ਵਾਧਾ ਕੀਤਾ ਜਾਂਦਾ ਹੈ। ਪੌਦੇ ਫਰਵਰੀ-ਮਾਰਚ ਜਾਂ ਅਗਸਤ-ਸਤੰਬਰ ਦੌਰਾਨ ਉੱਚੇ ਬੈੱਡਾਂ ਉੱਤੇ ਦੋ ਕਤਾਰਾਂ ਵਿੱਚ 35 ਸੈਂਟੀਮੀਟਰ × 30 ਸੈਂਟੀਮੀਟਰ ਦੀ ਦੂਰੀ 'ਤੇ ਲਗਾਏ ਜਾਂਦੇ ਹਨ। ਪੌਦਿਆਂ ਨੂੰ ਗਾਲੇ ਤੋਂ ਬਚਾਉਣ ਲਈ ਲਾਉਣ ਸਮੇਂ ਜਰਬੇਰਾ ਪੌਦਿਆਂ ਦੇ ਟੂਸਿਆਂ ਨੂੰ ਮਿੱਟੀ ਦੇ ਪੱਧਰ ਤੋਂ 1-2 ਸੈਂਟੀਮੀਟਰ ਉੱਪਰ ਰੱਖੋ। ਪਹਿਲੇ ਤਿੰਨ ਮਹੀਨਿਆਂ ਲਈ ਹਰ ਰੋਜ਼ ਐੱਨ ਪੀ ਕੇ (19:19:19) 0.4 ਗ੍ਰਾਮ/ਪੌਦਾ ਪਾਓ ਅਤੇ ਉਸ ਤੋਂ ਬਾਅਦ, ਐੱਨ ਪੀ ਕੇ (15:8:35) 0.4 ਗ੍ਰਾਮ/ਪੌਦਾ ਹਰ ਦੂਜੇ ਦਿਨ ਪਾਓ। ਪੌਦੇ ਲਾਉਣ ਦੇ 8 ਹਫ਼ਤਿਆਂ ਤੱਕ ਲੱਗਣ ਵਾਲੀ ਕਿਸੇ ਵੀ ਫੁੱਲ ਡੋਡੀ ਨੂੰ ਕਟਦੇ ਰਹੋ ਅਤੇ ਨਵੇਂ ਪੱਤਿਆਂ ਦੇ ਵਾਧੇ ਲਈ ਪੁਰਾਣੇ ਪੱਤਿਆਂ ਨੂੰ ਵੀ ਸਮੇਂ-ਸਮੇਂ ਤੇ ਕਟਦੇ ਰਹੋ। ਫੁੱਲਾਂ ਦੀ ਕਟਾਈ ਖਿੱਚ ਕੇ ਜਾਂ ਡੰਡੀ ਨੂੰ ਮੋੜ ਕੇ ਕੀਤੀ ਜਾਣੀ ਚਾਹੀਦੀ ਹੈ ਜਦੋਂ ਫੁੱਲ ਦੀ ਵਿਚਲੀ ਟਿੱਕੀ ਦੀਆਂ 2-3 ਕਤਾਰਾਂ ਪੂਰੀ ਤਰ੍ਹਾਂ ਖੁੱਲ੍ਹ ਜਾਣ। ਜਰਬਰਾ ਦਾ ਔਸਤ ਝਾੜ 225-250 ਫੁੱਲ / ਵਰਗ ਮੀਟਰ / ਸਾਲ ਹੈ ਅਤੇ ਪੌਦਿਆਂ ਦਾ ਉਤਪਾਦਕ ਜੀਵਨ 3-4 ਸਾਲ ਹੈ।

**2. ਗੁਲਦਾਊਦੀ** : ਇਹ ਸਭ ਤੋਂ ਮਹੱਤਵਪੂਰਨ ਵਪਾਰਕ ਫੁੱਲਾਂ ਵਿੱਚੋਂ ਇੱਕ ਹੈ ਜੋ ਕੱਟੇ ਹੋਏ, ਡੰਡੀ ਰਹਿਤ ਫੁੱਲਾਂ ਅਤੇ ਗਮਲਿਆਂ ਵਿੱਚ ਵਰਤੇ ਜਾਂਦੇ ਹਨ। ਗੁਲਦਾਊਦੀ ਇੱਕ ਛੋਟੇ ਦਿਨਾਂ ਦਾ ਪੌਦਾ ਹੋਣ ਕਰਕੇ ਇਸਨੂੰ ਮੌਸਮੀ ਤੌਰ 'ਤੇ ਨਿਯੰਤਰਿਤ ਅਤੇ ਕੁਦਰਤੀ ਤੌਰ 'ਤੇ ਹਵਾਦਾਰ ਗ੍ਰੀਨਹਾਊਸਾਂ ਦੋਵਾਂ ਵਿੱਚ ਉਗਾਇਆ ਜਾ ਸਕਦਾ ਹੈ। ਰਾਤ ਦਾ ਤਾਪਮਾਨ 18° ਅਤੇ ਦਿਨ ਵੇਲੇ 24-28° ਅਤੇ 60-70% ਦੀ ਨਮੀ ਇਸਦੇ ਵਾਧੇ ਲਈ ਢੁਕਵੀਂ ਹੈ। ਪੌਦ ਵਾਧਾ ਟਰਮੀਨਲ ਕਟਿੰਗਜ਼ (ਟੂਸਾ) ਜਾਂ ਰੂਟ ਸਕਰ (ਜੜ੍ਹੂੰਏ) ਦੁਆਰਾ ਕੀਤਾ ਜਾਂਦਾ ਹੈ। 5-7 ਸੈਂਟੀਮੀਟਰ ਦੀਆਂ ਕਟਿੰਗਜ਼ ਸਿਹਤਮੰਦ ਪੌਦਿਆਂ ਤੋਂ ਲਈਆਂ ਜਾਂਦੀਆਂ ਹਨ ਅਤੇ ਜੂਨ ਦੇ ਅਖੀਰ ਵਿੱਚ ਰੇਤ ਜਾਂ ਕੋਕੋਪੀਟ ਜਾਂ ਸੜੀ ਹੋਈ ਚੌਲਾਂ ਦੀ ਫੱਕ ਵਿੱਚ ਲਗਾਈਆਂ ਜਾਂਦੀਆਂ ਹਨ। ਇੱਕ ਮਹੀਨੇ ਬਾਅਦ



ਕਟਿੰਗਜ਼ ਟ੍ਰਾਂਸਪਲਾਂਟ ਕਰਨ ਲਈ ਤਿਆਰ ਹੋ ਜਾਂਦੀਆਂ ਹਨ ਅਤੇ 12.5 ਸੈਂਟੀਮੀਟਰ × 12.5 ਸੈਂਟੀਮੀਟਰ ਦੀ ਦੂਰੀ 'ਤੇ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਪ੍ਰਤੀ ਵਰਗ ਮੀਟਰ 64 ਪੌਦੇ ਲਗਾਏ ਜਾਂਦੇ ਹਨ। ਐੱਨ ਪੀ ਕੇ (19:19:19) ਨੂੰ ਤੁਪਕਾ ਸਿੰਚਾਈ ਦੁਆਰਾ 150 ਮਿਲੀਗ੍ਰਾਮ/ਲੀਟਰ ਦੀ ਦਰ ਨਾਲ ਪਾਣੀ ਵਿੱਚ ਮਿਲਾ ਕੇ ਪਾਇਆ ਜਾਂਦਾ ਹੈ। ਸਪਰੇਅ ਕਿਸਮਾਂ ਵਿੱਚ ਟ੍ਰਾਂਸਪਲਾਂਟ ਕਰਨ ਤੋਂ 30 ਦਿਨਾਂ ਬਾਅਦ ਟੂਸਿਆਂ ਨੂੰ ਮੜੁਛ ਦਿੱਤਾ ਜਾਂਦਾ ਹੈ। ਹਾਲਾਂਕਿ, ਸਟੈਂਡਰਡ ਕਿਸਮਾਂ ਵਿੱਚ, ਸਿਰੇ ਉਪਰ ਇੱਕ ਫੁੱਲ ਲੈਣ ਲਈ ਪਾਸੇ ਦੀਆਂ ਡੋਡੀਆਂ ਨੂੰ ਤੋੜਿਆ ਜਾਂਦਾ ਹੈ। 50% ਖੁਲਣ ਉਪਰੰਤ ਇਹਨਾਂ ਫੁੱਲਾਂ ਦੀ ਕਟਾਈ ਕੀਤੀ ਜਾ ਸਕਦੀ ਹੈ।

**3. ਲਿਲੀਅਮ** : ਇਹ ਇੱਕ ਗੰਢੀਦਾਰ ਸਜਾਵਟੀ ਫ਼ਸਲ ਹੈ ਜੋ ਵਪਾਰਕ ਤੌਰ 'ਤੇ ਕੁਦਰਤੀ ਹਵਾਦਾਰ ਪੌਲੀਹਾਊਸਾਂ ਵਿੱਚ ਕੱਟੇ ਹੋਏ ਫੁੱਲ ਅਤੇ ਗਮਲੇ ਦੇ ਪੌਦੇ ਵਜੋਂ ਉਗਾਈ ਜਾਂਦੀ ਹੈ। ਲਿਲੀਅਮ ਵਿੱਚ ਏਸ਼ੀਆਟਿਕ, ਓਰੀਐਂਟਲ, ਲੌਂਗੀਫਲੋਰਮ ਵਰਗੇ ਵੱਖ-ਵੱਖ ਸਮੂਹ ਸ਼ਾਮਲ ਹਨ। ਏਸ਼ੀਆਟਿਕ ਹਾਈਬ੍ਰਿਡ ਪੰਜਾਬ ਦੀਆਂ ਸਥਿਤੀਆਂ ਵਿੱਚ ਕਾਸ਼ਤ ਲਈ ਸਭ ਤੋਂ ਢੁਕਵੇਂ ਹਨ। ਵਪਾਰਕ ਉਤਪਾਦਨ ਲਈ 18-22° ਤਾਪਮਾਨ ਦੀ ਲੋੜ ਹੁੰਦੀ ਹੈ। ਚੰਗੀ ਗੁਣਵੱਤਾ ਵਾਲੇ ਫੁੱਲ ਪ੍ਰਾਪਤ ਕਰਨ ਲਈ 50 ਤੋਂ 75% ਛਾਂਦਾਰ ਜਾਲ ਅਤੇ 60 ਤੋਂ 75% ਨਮੀ ਜ਼ਰੂਰੀ ਹੈ। ਏਸ਼ੀਆਟਿਕ ਹਾਈਬ੍ਰਿਡ ਅਤੇ ਓਰੀਐਂਟਲ ਹਾਈਬ੍ਰਿਡ ਲਈ 6.0-7.0 ਪੀ ਐੱਚ ਅਤੇ ਚੰਗੀ ਨਿਕਾਸ ਵਾਲੀ ਹਲਕੀ ਮਿੱਟੀ ਵਧੀਆ ਹੈ। ਲਿਲੀਅਮ ਦਾ ਵਪਾਰਕ ਤੌਰ 'ਤੇ ਗੰਢਿਆਂ ਰਾਹੀਂ ਪੌਦ ਵਾਧਾ ਕੀਤਾ ਜਾਂਦਾ ਹੈ। ਲਿਲੀ ਦੇ ਫੁੱਲਾਂ ਦੇ ਉਤਪਾਦਨ ਲਈ 12-14 ਸੈਂਟੀਮੀਟਰ ਜਾਂ ਇਸ ਤੋਂ ਵੱਧ ਆਕਾਰ ਦੇ ਗੰਢੇ ਅਨੁਕੂਲ ਹਨ। ਗੰਢਿਆਂ ਨੂੰ 10-12 ਸੈਂਟੀਮੀਟਰ ਡੂੰਘਾਈ 'ਤੇ ਲਗਾਇਆ ਜਾਂਦਾ ਹੈ। ਗੰਢੇ ਇੱਕ ਮੀਟਰ ਚੌੜਾਈ ਵਾਲੇ ਉੱਚੇ ਬੈੱਡਾਂ 'ਤੇ ਲਗਾਏ ਜਾਂਦੇ ਹਨ, ਬੈੱਡਾਂ ਵਿਚਕਾਰ 40 ਸੈਂਟੀਮੀਟਰ ਚੌੜਾ ਰਸਤਾ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਦੀ ਸਥਿਤੀ ਵਿੱਚ ਬਿਜਾਈ ਦਾ ਅਨੁਕੂਲ ਸਮਾਂ ਸਤੰਬਰ ਦੇ ਮੱਧ ਤੋਂ ਦਸੰਬਰ ਦੇ ਮੱਧ ਤੱਕ ਹੈ ਜਿਸ ਵਿੱਚ ਫੁੱਲਾਂ ਦੇ ਉਤਪਾਦਨ ਲਈ ਸਿਫ਼ਾਰਸ਼ ਕੀਤੇ ਗਏ ਪੌਦਿਆਂ ਦੀ ਦੂਰੀ 20×15 ਸੈਂਟੀਮੀਟਰ ਹੈ। ਸਿੰਚਾਈ ਪ੍ਰਦਾਨ ਕਰਨ ਲਈ ਤੁਪਕਾ ਸਿੰਚਾਈ ਪ੍ਰਣਾਲੀ ਲਗਾਈ ਜਾਂਦੀ ਹੈ। ਫੁੱਲਾਂ ਨੂੰ ਸਹਾਰਾ ਦੇਣ ਲਈ ਨਾਈਲੋਨ ਜਾਂ ਪਲਾਸਟਿਕ ਜਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਫੁੱਲਾਂ ਦੀ ਕਟਾਈ ਡੋਡੀਆਂ ਦੇ ਰੰਗ ਦਿਖਾਉਣ ਵਾਲੀ ਸਟੇਜ 'ਤੇ ਕੀਤੀ ਜਾਂਦੀ ਹੈ। ਏਸ਼ੀਆਈ ਹਾਈਬ੍ਰਿਡ ਨੂੰ ਲਾਉਣ ਤੋਂ ਲੈ ਕੇ ਕਟਾਈ ਤੱਕ 8-10 ਹਫ਼ਤੇ ਲੱਗਦੇ ਹਨ। ਕੱਟੇ ਹੋਏ ਤਣਿਆਂ ਨੂੰ 100 ਮਿਲੀਗ੍ਰਾਮ/ਲੀਟਰ ਜੀ ਏ ਵਿੱਚ 6 ਘੰਟਿਆਂ ਲਈ ਡੁਬੋਇਆ ਜਾਂਦਾ ਹੈ ਅਤੇ ਪੌਲੀਪ੍ਰੋਪਾਈਲੀਨ ਸਲੀਵ ਵਿੱਚ ਪੈਕ ਕੀਤਾ ਜਾ ਸਕਦਾ ਹੈ, ਜਿਸ ਵਿੱਚ 12 ਦਿਨਾਂ ਲਈ ਠੰਡੇ ਕਮਰੇ ਵਿੱਚ ਸਟੋਰ ਕੀਤਾ ਜਾ ਸਕਦਾ ਹੈ। ਫੁੱਲਾਂ ਦੀ ਕਟਾਈ ਦੇ 6-8 ਹਫ਼ਤਿਆਂ ਬਾਅਦ ਜਦੋਂ ਪੱਤੇ ਪੀਲੇ ਅਤੇ ਸੁੱਕ ਜਾਂਦੇ ਹਨ ਤਾਂ ਗੰਢਿਆਂ ਨੂੰ ਪੱਟ ਕੇ ਸਾਫ਼ ਕਰਕੇ ਉੱਲੀਨਾਸ਼ਕ ਘੋਲ ਵਿੱਚ ਅੱਧੇ ਘੰਟੇ ਲਈ ਡੁਬੋਇਆ ਜਾਂਦਾ ਹੈ। ਇਹਨਾਂ ਨੂੰ ਛਾਂ ਹੇਠ ਸੁਕਾਉਣ ਤੋਂ ਬਾਅਦ ਅਗਲੀ ਬਿਜਾਈ ਲਈ 2-4° 'ਤੇ ਸਟੋਰ ਕੀਤਾ ਜਾਂਦਾ ਹੈ।

**4. ਆਰਕਿਡ** : ਆਰਕਿਡ ਵਿੱਚੋਂ, ਡੈਂਡਰੋਬੀਅਮ ਸਭ ਤੋਂ ਆਮ ਪ੍ਰਜਾਤੀ ਹੈ ਜੋ ਪੰਜਾਬ ਦੀਆਂ ਸਥਿਤੀਆਂ ਵਿੱਚ ਹਾਈ-ਟੈਕ ਪੌਲੀਹਾਊਸ ਵਿੱਚ ਕੱਟੇ ਹੋਏ ਫੁੱਲਾਂ ਦੇ ਨਾਲ-ਨਾਲ ਗਮਲੇ ਵਾਲੇ ਪੌਦਿਆਂ ਵਜੋਂ ਕਾਸ਼ਤ ਕੀਤੀ ਜਾਂਦੀ ਹੈ। ਆਰਕਿਡ ਦੀ ਕਾਸ਼ਤ ਲਈ ਤਾਪਮਾਨ 18-28°, 75% ਛਾਂ ਅਤੇ 70-80% ਨਮੀ ਦੀ ਜ਼ਰੂਰਤ ਹੁੰਦੀ ਹੈ। ਰਾਤ ਦਾ ਤਾਪਮਾਨ ਸਾਲ ਭਰ 10° ਤੋਂ ਉੱਪਰ



ਹੋਣਾ ਚਾਹੀਦਾ ਹੈ। ਸੋਨੀਆ ਰੈੱਡ ਅਤੇ ਸੋਨੀਆ ਵ੍ਹਾਈਟ ਪੰਜਾਬ ਦੀਆਂ ਸਥਿਤੀਆਂ ਵਿੱਚ ਕਾਸ਼ਤ ਲਈ ਆਮ ਕਿਸਮਾਂ ਹਨ। ਆਰਕਿਡ ਨੂੰ ਨਾਰੀਅਲ ਦੇ ਛਿਲਕੇ, ਰੋੜਿਆਂ ਦੀ ਖਾਦ ਅਤੇ ਚਾਰਕੋਲ (1:1:1) ਦੇ ਮਿਸ਼ਰਣ ਨਾਲ ਛੇਦ ਵਾਲੇ ਪਲਾਸਟਿਕ ਦੇ ਗਮਲਿਆਂ ਵਿੱਚ ਲਗਾਇਆ ਜਾਂਦਾ ਹੈ। 3-4 ਸਾਲ ਲਾਉਣ ਤੋਂ ਬਾਅਦ ਗਮਲਿਆਂ ਨੂੰ ਇਸੇ ਮਿਸ਼ਰਣ ਨਾਲ ਦੁਬਾਰਾ ਭਰ ਕੇ ਲਗਾਉਣ ਦੀ ਲੋੜ ਹੁੰਦੀ ਹੈ। ਇਹਨਾਂ ਦਾ ਪੌਦ ਵਾਧਾ ਮੁੱਖ ਤੌਰ 'ਤੇ ਟਿਸ਼ੂ ਕਲਚਰ ਦੁਆਰਾ ਕੀਤਾ ਜਾਂਦਾ ਹੈ, ਪਰ ਜੁਲਾਈ-ਅਗਸਤ ਦੌਰਾਨ ਕੈਕੀ ਅਤੇ ਵੰਡ ਵਿਧੀ ਤੋਂ ਵੀ ਕੀਤਾ ਜਾਂਦਾ ਹੈ। ਪੌਦੇ ਲਾਉਣ ਲਈ ਫਰਵਰੀ-ਮਾਰਚ ਢੁਕਵਾਂ ਸਮਾਂ ਹੈ। ਫੁੱਲਾਂ ਦੀ ਕਟਾਈ ਉਦੋਂ ਕੀਤੀ ਜਾਂਦੀ ਹੈ ਜਦੋਂ ਡੰਡੀ ਉੱਤੇ 75 ਪ੍ਰਤੀਸ਼ਤ ਫੁੱਲ ਪੂਰੀ ਤਰ੍ਹਾਂ ਖੁੱਲ੍ਹ ਜਾਂਦੇ ਹਨ। ਪੌਦੇ ਪ੍ਰਤੀ ਪੌਦਾ ਪ੍ਰਤੀ ਸਾਲ 3-4 ਫੁੱਲ ਡੰਡੀਆਂ ਦਿੰਦੇ ਹਨ।

**5. ਸਜਾਵਟੀ ਕੱਟ ਪੱਤੀਆਂ** : ਇਹ ਹਰੇ ਸਜਾਵਟੀ ਪੱਤੇ ਜਾਂ ਸ਼ਾਖਾਵਾਂ ਹਨ ਜੋ ਅੰਦਰੂਨੀ ਸਜਾਵਟ ਲਈ ਵਰਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਪੱਤਿਆਂ ਨੂੰ ਕੱਟ ਕੇ ਗੁਲਦਸਤੇ, ਮਾਲਾਵਾਂ, ਫੁੱਲਦਾਨਾਂ ਵਿੱਚ 20 ਤੋਂ 25 ਪ੍ਰਤੀਸ਼ਤ ਦੀ ਹੱਦ ਤੱਕ ਭਰਾਈ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਕੱਟੇ ਹੋਏ ਪੱਤਿਆਂ ਵਿੱਚ ਫਰਨ, ਐਸਪੈਰੇਗਸ, ਡਰੈਸੀਨਾ, ਰਸਕਸ, ਸਾਈਕੈਡਸ ਅਤੇ ਪਾਮ ਆਦਿ ਦੀ ਮੰਗ ਸਭ ਤੋਂ ਜ਼ਿਆਦਾ ਹੈ। ਫਰਨ ਅਤੇ ਐਸਪੈਰੇਗਸ ਆਪਣੇ ਪੱਤਿਆਂ ਦੀ ਸ਼ਾਨਦਾਰ ਸਮਰੂਪਤਾ ਅਤੇ ਭਰਵੇਂ ਪ੍ਰਭਾਵ ਦੇ ਕਾਰਨ ਸਭ ਤੋਂ ਵੱਧ ਵਰਤੇ ਜਾਣ ਵਾਲੇ ਸਜਾਵਟੀ ਪੱਤੇ ਹਨ। ਕੱਟੇ ਹੋਏ ਪੱਤਿਆਂ ਵਿੱਚ ਫੁੱਲਾਂ ਦੇ ਬਦਲ ਵਜੋਂ ਕਾਫ਼ੀ ਸੰਭਾਵਨਾ ਹੁੰਦੀ ਹੈ, ਕਿਉਂਕਿ ਉਨ੍ਹਾਂ ਦਾ ਉਤਪਾਦਨ ਸਾਲ ਭਰ ਹੁੰਦਾ ਹੈ। ਪੱਤਿਆਂ ਵਾਲੇ ਪੌਦੇ ਵਪਾਰਕ ਤੌਰ ਤੇ ਪੈਦਾ ਕਰਨ ਲਈ 50-75% ਛਾਂਦਾਰ ਜਾਲ ਅਤੇ ਘੱਟੋ-ਘੱਟ 50% ਨਮੀ ਦੀ ਲੋੜ ਹੁੰਦੀ ਹੈ। ਗੁਣਵੱਤਾ ਵਾਲੇ ਉਤਪਾਦਨ ਲਈ ਚੰਗੇ ਨਿਕਾਸ ਵਾਲੀ ਜ਼ਮੀਨ ਅਤੇ ਔਸਤ ਤਾਪਮਾਨ 15-28° ਹੋਣਾ ਚਾਹੀਦਾ ਹੈ। ਪੌਦ ਵਾਧੇ ਲਈ ਸਭ ਤੋਂ ਵਧੀਆ ਤਰੀਕਾ ਵੰਡ ਅਤੇ ਕਲਮਾਂ ਦੁਆਰਾ ਹੈ ਅਤੇ ਸਮਾਂ ਫਰਵਰੀ-ਮਾਰਚ ਅਤੇ ਜੁਲਾਈ-ਅਗਸਤ ਦੇ ਮਹੀਨੇ ਹਨ। ਸੌਂਗ ਆਫ਼ ਇੰਡੀਆ ਅਤੇ ਡਰੈਸੀਨਾ ਵਿੱਚ ਤਣੇ ਦੇ ਟੂਸੇ ਦੀ ਕਲਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਫਰਨ, ਰਸਕਸ ਅਤੇ ਐਸਪੈਰੇਗਸ ਦੀਆਂ ਕੁਝ ਕਿਸਮਾਂ ਦੇ ਪੌਦ ਵਾਧੇ ਦਾ ਇੱਕੋ-ਇੱਕ ਤਰੀਕਾ ਵੰਡ ਹੈ। ਮੁਰਾਇਆ ਦੇ ਪੌਦੇ ਬੀਜ ਰਾਹੀਂ ਤਿਆਰ ਕੀਤੇ ਜਾਂਦੇ ਹਨ। ਪੌਦਿਆਂ ਨੂੰ ਅਪ੍ਰੈਲ ਤੋਂ ਸਤੰਬਰ ਤੱਕ ਮਹੀਨੇ ਵਿੱਚ ਇੱਕ ਵਾਰ ਹਲਕੀ ਖਾਦ ਪਾਉਣੀ ਚਾਹੀਦੀ ਹੈ। ਸਜਾਵਟੀ ਪੱਤੀਆਂ ਲਈ ਤਣਿਆਂ ਦੀ ਕਟਾਈ ਉਦੋਂ ਕੀਤੀ ਜਾਣੀ ਚਾਹੀਦੀ ਹੈ ਜਦੋਂ ਪੱਤੇ ਪੱਕੇ, ਗੂੜ੍ਹੇ ਹਰੇ ਅਤੇ ਪੂਰੀ ਤਰ੍ਹਾਂ ਫੈਲੇ ਹੋਏ ਹਨ। ਕੱਟੇ ਹੋਏ ਹਰੇ ਪੱਤਿਆਂ ਨੂੰ 15-30 ਦਿਨਾਂ ਲਈ ਫਰਿੱਜ ਵਿੱਚ ਰੱਖੇ ਹਾਲਾਤ (2-4°) ਵਿੱਚ ਸਟੋਰ ਕੀਤਾ ਜਾ ਸਕਦਾ ਹੈ।

# ਪੰਜਾਬ ਦੀ ਖੇਤੀਬਾੜੀ ਲਈ ਢੁੱਕਵਾਂ ਬੀਮਾ ਮਾਡਲ ਕਿਹੋ ਜਿਹਾ ਹੋਵੇ?

ਡਾ. ਰਾਜ ਮਾਨ, ਫੈਕਲਟੀ ਆਫ਼ ਮੈਡੀਸਨ,
ਇੰਪੀਰੀਅਲ ਕਾਲਜ ਲੰਡਨ (ਯੂ. ਕੇ.)

ਐਤਕੀਂ ਪੰਜਾਬ ਵਿੱਚ ਆਏ ਹੜ੍ਹਾਂ ਨੇ ਪਿਛਲੇ ਕਈ ਦਹਾਕਿਆਂ ਵਿੱਚ ਆਏ ਹੜ੍ਹਾਂ ਤੋਂ ਵੱਧ ਨੁਕਸਾਨ ਕੀਤਾ ਹੈ। ਹੁਣ ਇਸ ਸੰਬੰਧੀ ਚਰਚਾ ਨੂੰ 'ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ' ਦੀ ਰੌਸ਼ਨੀ ਵਿੱਚ ਅੱਗੇ ਵਧਾਇਆ ਜਾ ਸਕਦਾ ਹੈ, ਜਿਸ ਨੂੰ ਪੰਜਾਬ ਨੇ ਕਈ ਕਾਰਨਾਂ



ਕਰਕੇ ਲਾਗੂ ਨਹੀਂ ਸੀ ਕੀਤਾ।

ਪੰਜਾਬ ਵਰਗੇ ਖੇਤੀਬਾੜੀ ਪੱਖੋਂ ਉੱਨਤ ਸੂਬੇ ਲਈ ਖੇਤੀਬਾੜੀ ਬੀਮਾ ਇੱਕ ਵੱਡਾ ਫੈਸਲਾ ਹੈ। ਪੰਜਾਬ ਦੇ ਕਿਸਾਨਾਂ ਨੂੰ ਇਸ ਸੰਬੰਧੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਖੇਤੀਬਾੜੀ ਬੀਮੇ ਬਾਰੇ ਪੂਰੀ ਜਾਣਕਾਰੀ ਹੋਣੀ ਜ਼ਰੂਰੀ ਹੈ। ਅਸੀਂ ਇਸ ਲੇਖ ਦੇ ਪਹਿਲੇ ਭਾਗ ਵਿੱਚ ਦੁਨੀਆਂ ਦੇ ਦੇਸ਼ਾਂ ਵਿੱਚ ਖੇਤੀਬਾੜੀ ਬੀਮਾ ਪ੍ਰਦਾਨ ਕਰਨ ਵਾਲੇ ਵੱਖ-ਵੱਖ ਮਾਪਦੰਡਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਾਂਗੇ। ਦੂਜੇ ਭਾਗ ਵਿੱਚ ਅਮਰੀਕਾ, ਮੈਕਸੀਕੋ, ਸਪੇਨ ਤੇ ਥਾਈਲੈਂਡ ਵਿੱਚ ਵਰਤੇ ਜਾਂਦੇ ਬੀਮਾ ਮਾਡਲਾਂ 'ਤੇ ਗੱਲ ਕਰਾਂਗੇ ਅਤੇ ਤੀਜੇ ਭਾਗ ਵਿੱਚ ਪੰਜਾਬ ਦੇ ਕਿਸਾਨਾਂ ਲਈ ਵਧੀਆ ਹੱਲ ਕੀ ਹੋ ਸਕਦੇ ਹਨ, ਇਸ ਬਾਰੇ ਵਿਚਾਰ ਸਾਂਝੇ ਕਰਾਂਗੇ।

ਆਓ, ਪਹਿਲਾਂ ਕੁੱਝ ਚੁਣੇ ਹੋਏ ਮਾਪਦੰਡਾਂ ਨੂੰ ਸਮਝੀਏ, ਜਿਨ੍ਹਾਂ 'ਤੇ ਖੇਤੀਬਾੜੀ ਬੀਮਾ ਆਮ ਤੌਰ 'ਤੇ ਅਧਾਰਿਤ ਹੋ ਸਕਦਾ ਹੈ।

**1. ਉਪਜ ਸੁਰੱਖਿਆ ਨੀਤੀਆਂ** : ਇਹ ਸੋਕੇ, ਗੜ੍ਹੇਮਾਰੀ, ਕੀੜਿਆਂ ਤੇ ਬਿਮਾਰੀਆਂ ਕਾਰਨ ਹੋਣ ਵਾਲੇ ਫ਼ਸਲ ਦੇ ਨੁਕਸਾਨ ਨੂੰ ਕਵਰ ਕਰਦੀਆਂ ਹਨ।

**2. ਅਨਾਜ ਉਤਪਾਦਨ ਇਤਿਹਾਸ** : ਇਹ ਮਾਡਲ ਕਿਸਾਨ ਦੀ ਵਿਅਕਤੀਗਤ ਉਪਜ ਦੇ ਅੰਕੜਿਆਂ ਦੇ ਆਧਾਰ 'ਤੇ ਕਵਰੇਜ ਪ੍ਰਦਾਨ ਕਰਦਾ ਹੈ।

3. ਖੇਤਰ ਉਪਜ ਸੁਰੱਖਿਆ ਬੀਮਾ ਕਿਸੇ ਖੇਤਰ ਵਿੱਚ ਔਸਤ ਉਪਜ ਦੇ ਆਧਾਰ 'ਤੇ ਕਵਰੇਜ਼ ਪ੍ਰਦਾਨ ਕਰਦਾ ਹੈ।

**4. ਮਾਲੀਆ ਸੁਰੱਖਿਆ** : ਕੀਮਤਾਂ ਵਿੱਚ ਗਿਰਾਵਟ, ਉਪਜ ਦੇ ਨੁਕਸਾਨ ਜਾਂ ਦੋਹਾਂ ਕਾਰਨ ਹੋਣ ਵਾਲੇ ਮਾਲੀਆ ਨੁਕਸਾਨ ਨੂੰ ਕਵਰ ਕਰਦਾ ਹੈ।

**5. ਵਿਸ਼ੇਸ਼ ਫ਼ਸਲ ਬੀਮਾ** : ਇਹ ਬੀਮਾ ਉੱਚ-ਮੁੱਲ ਵਾਲੀਆਂ ਵਿਸ਼ੇਸ਼ ਫ਼ਸਲਾਂ ਲਈ ਤਿਆਰ ਕੀਤਾ ਗਿਆ ਹੁੰਦਾ ਹੈ।

**6. ਪੂਰੇ ਖੇਤ ਦੇ ਮਾਲੀਏ ਦੀ ਸੁਰੱਖਿਆ** : ਇਹ ਇੱਕ ਨੀਤੀ ਦੇ ਤਹਿਤ ਇਕ ਫਾਰਮ 'ਤੇ ਸਾਰੀਆਂ ਵਸਤੂਆਂ ਤੋਂ ਹੋਣ ਵਾਲੇ ਮਾਲੀਏ ਨੂੰ ਕਵਰ ਕਰਦਾ ਹੈ।

**7. ਪੂਰਕ ਕਵਰੇਜ਼ ਬਦਲ** : ਜਨਰਲ ਫ਼ਸਲ ਬੀਮੇ ਤੋਂ ਇਲਾਵਾ ਵਾਧੂ ਕਵਰੇਜ਼ ਪ੍ਰਦਾਨ ਕਰਦਾ ਹੈ।

**8. ਵਿਨਾਸ਼ਕਾਰੀ ਜੋਖਮ ਸੁਰੱਖਿਆ** : ਘੱਟੋ-ਘੱਟ ਨੁਕਸਾਨ ਨੂੰ ਕਵਰ ਕਰਦਾ ਹੈ।

**9. ਨਿਯੰਤ੍ਰਿਤ ਵਾਤਾਵਰਨ ਬੀਮਾ** : ਬੰਦ ਨਿਯੰਤ੍ਰਿਤ ਵਾਤਾਵਰਨ (ਜਿਵੇਂ ਕਿ ਗ੍ਰੀਨ ਹਾਊਸ) ਵਿੱਚ ਉਗਾਏ ਜਾਂਦੇ ਪੌਦਿਆਂ ਨੂੰ ਕਵਰ ਕਰਦਾ ਹੈ।

**10. ਮੌਸਮ ਸੂਚਕਾਂਕ ਬੀਮਾ** : ਸਥਾਨਕ ਮੌਸਮੀ ਸਥਿਤੀਆਂ- ਸੋਕੇ ਜਾਂ ਭਾਰੀ ਬਾਰਿਸ਼ ਦੇ ਆਧਾਰ 'ਤੇ ਮੁਆਵਜ਼ਾ ਦਿੰਦਾ ਹੈ।

**11. ਖੇਤਰ ਉਪਜ ਸੂਚਕਾਂਕ ਬੀਮਾ** : ਇੱਕ ਖਾਸ ਖੇਤਰ ਦੇ ਕਿਸਾਨਾਂ ਲਈ ਸਮੂਹਿਕ ਕਵਰੇਜ਼ ਪ੍ਰਦਾਨ ਕਰਦਾ ਹੈ, ਜੇਕਰ ਔਸਤ ਉਪਜ ਸੋਕੇ ਜਾਂ ਹੜ੍ਹ ਵਰਗੀਆਂ ਪ੍ਰਤੀਕੂਲ ਮੌਸਮੀ ਘਟਨਾਵਾਂ ਦੇ ਕਾਰਨ ਇੱਕ ਪੂਰਬ-ਨਿਰਧਾਰਤ ਸੀਮਾ ਤੋਂ ਹੇਠਾਂ ਆਉਂਦੀ ਹੈ ਤਾਂ ਹੀ ਭੁਗਤਾਨ ਕੀਤਾ ਜਾਂਦਾ ਹੈ।

**12. ਕਿਸਾਨ ਉਤਪਾਦਨ ਕਵਰ** : ਇੱਕ ਵਿਆਪਕ ਪੈਕੇਜ ਜੋ ਕਈ ਤਰ੍ਹਾਂ ਦੇ ਜੋਖਮਾਂ ਤੋਂ ਬਚਾਉਂਦਾ ਹੈ ਅਤੇ ਇਹ ਔਖੇ ਸਮੇਂ ਦੌਰਾਨ ਫ਼ਸਲਾਂ, ਪਸ਼ੂਆਂ, ਸਿਹਤ ਤੇ ਸੰਪਤੀਆਂ ਨੂੰ ਕਵਰ ਕਰਦਾ ਹੈ।

ਬਿਨਾਂ ਸ਼ੱਕ ਇਹ ਮਹੱਤਵਪੂਰਨ ਹੈ ਕਿ ਪੰਜਾਬ ਖੇਤੀ ਬੀਮੇ ਲਈ ਕਿਹੜੇ ਮਾਪਦੰਡਾਂ ਨੂੰ ਅਪਣਾਉਣ ਵਾਲਾ ਬੀਮਾ ਮਾਡਲ ਚੁਣਦਾ ਹੈ, ਪਰ ਇਸ ਤੋਂ ਵੀ ਅਹਿਮ ਅਪਣਾਏ ਗਏ ਬੀਮਾ ਮਾਪਦੰਡਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਹੋਵੇਗੀ।

ਆਓ, ਹੁਣ ਦੁਨੀਆਂ ਦੇ ਕੁੱਝ ਚੋਣਵੇਂ ਬੀਮਾ ਮਾਡਲਾਂ 'ਤੇ ਨਜ਼ਰ ਮਾਰੀਏ। ਅਮਰੀਕਾ ਦਾ ਪਬਲਿਕ ਪ੍ਰਾਈਵੇਟ ਭਾਈਵਾਲੀ ਫ਼ਸਲ ਬੀਮਾ ਪ੍ਰੋਗਰਾਮ ਦੁਨੀਆ ਦੇ ਸਭ ਤੋਂ ਵੱਡੇ ਪ੍ਰੋਗਰਾਮਾਂ ਵਿੱਚੋਂ ਇੱਕ ਹੈ, ਇਹ ਮਾਡਲ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਬੀਮਾ ਪ੍ਰਦਾਨ ਕਰਦਾ ਹੈ। ਮੈਕਸੀਕੋ ਦੇ ਪਬਲਿਕ ਪ੍ਰਾਈਵੇਟ ਭਾਈਵਾਲੀ ਫ਼ਸਲ ਬੀਮਾ ਮਾਡਲ (ਫੋਂਡੋਸ ਮਾਡਲ) ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਛੋਟੇ ਤੇ ਦਰਮਿਆਨੇ ਕਿਸਾਨਾਂ 'ਤੇ ਕੇਂਦ੍ਰਿਤ ਹੈ। ਇਹ ਖੇਤੀਬਾੜੀ ਨੁਕਸਾਨ, ਖੇਤੀਬਾੜੀ ਨਾਲ ਸੰਬੰਧਤ ਜਾਇਦਾਦ, ਕਿਸਾਨਾਂ ਦਾ ਜੀਵਨ ਬੀਮਾ ਤੇ ਦੁਰਘਟਨਾ/ ਬਿਮਾਰੀ ਨਾਲ ਸੰਬੰਧਿਤ ਬੀਮਾ ਕਵਰ ਕਰਦਾ ਹੈ।

**ਸਪੇਨ ਦਾ ਪਬਲਿਕ ਪ੍ਰਾਈਵੇਟ ਭਾਈਵਾਲੀ ਮਾਡਲ** : ਐਗਰੋਸੇਗੁਰੋ ਫ਼ਸਲ ਬੀਮਾ ਯੂਰਪ ਦੀਆਂ ਸਭ ਤੋਂ ਵਧੀਆ ਉਦਾਹਰਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਮਾਡਲ ਦੀ ਵਿਲੱਖਣ ਵਿਸ਼ੇਸ਼ਤਾ ਇਸਦੀ ਬਹੁ ਖਤਰਾ ਬੀਮਾ ਕਵਰੇਜ਼ ਤੇ ਲਚਕਤਾ ਹੈ। ਅੰਤ ਵਿੱਚ ਆਸੀਆਨ ਤੋਂ ਇੱਕ ਵਧੀਆ ਉਦਾਹਰਨ ਥਾਈਲੈਂਡ ਦਾ ਪਬਲਿਕ ਪ੍ਰਾਈਵੇਟ ਭਾਈਵਾਲੀ ਤੇ ਮੁਆਵਜ਼ਾ ਮਾਡਲ ਹੈ। ਇਨ੍ਹਾਂ ਤੋਂ ਇਲਾਵਾ ਜਾਪਾਨ, ਆਸਟ੍ਰੇਲੀਆ, ਅਫ਼ਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੀ ਵੱਖ-ਵੱਖ ਬੀਮਾ ਮਾਡਲਾਂ ਦੀਆਂ ਉਦਾਹਰਨਾਂ ਹਨ। ਮਾਪਦੰਡਾਂ ਤੇ ਮਾਡਲਾਂ ਨੂੰ ਦੇਖਣ ਤੋਂ ਬਾਅਦ ਹੁਣ ਆਪਣੇ ਵਿਚਾਰਾਂ ਵੱਲ ਆਉਂਦਾ ਹਾਂ।

**ਗਿਆਨਯੋਗ ਦੇ ਨੁਕਤੇ** : ਪਹਿਲਾਂ ਕੋਈ ਵੀ ਬੀਮਾ ਮਾਡਲ 100 ਫ਼ੀਸਦੀ ਨੁਕਸਾਨ ਘੱਟ ਹੀ ਕਵਰ ਕਰਦਾ ਹੈ ਅਤੇ ਦੂਜਾ ਉਨ੍ਹਾਂ ਵਿੱਚੋਂ ਜ਼ਿਆਦਾਤਰ ਬੀਮਾ ਮਾਡਲ ਪ੍ਰੀਮੀਅਮਾਂ ਲਈ ਸਰਕਾਰੀ ਸਬਸਿਡੀਆਂ 'ਤੇ ਨਿਰਭਰ ਕਰਦੇ ਹਨ। ਮੈਕਸੀਕੋ ਦਾ ਫੋਂਡੋਸ ਮਾਡਲ ਪੰਜਾਬ ਦੀ ਖੇਤੀਬਾੜੀ ਲਈ ਵਧੇਰੇ ਢੁਕਵਾਂ ਹੋ ਸਕਦਾ ਹੈ। ਫੋਂਡੋਸ ਇੱਕ ਗੈਰ-ਮੁਨਾਫ਼ਾ ਸੰਸਥਾ ਹੁੰਦੀ ਹੈ, ਜੋ ਸਥਾਨਕ ਕਿਸਾਨਾਂ ਦੁਆਰਾ ਸਥਾਪਿਤ ਕੀਤੀ ਜਾਂਦੀ ਹੈ। ਫੋਂਡੋਸ ਤਹਿਤ ਸਿਰਫ਼ ਆਪਣੇ ਮੈਂਬਰਾਂ ਨੂੰ ਹੀ ਬੀਮਾ ਵੇਚਿਆ ਜਾ ਸਕਦਾ ਹੈ, ਕਿਉਂਕਿ ਘੱਟ ਮੈਂਬਰਸ਼ਿਪ ਹੋਣ ਕਾਰਨ ਉਨ੍ਹਾਂ ਕੋਲ ਸੀਮਤ ਪ੍ਰੀਮੀਅਮ ਹੀ ਇਕੱਠਾ ਹੁੰਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਫੋਂਡੋਸ ਦੇ ਮੈਂਬਰਾਂ ਨੂੰ ਇਕੱਠੇ ਕੀਤੇ ਪ੍ਰੀਮੀਅਮ ਤੋਂ ਵੱਧ ਨੁਕਸਾਨ ਦੀ ਸਥਿਤੀ ਵਿੱਚ ਪੂਰਾ ਮੁਆਵਜ਼ਾ ਮਿਲ ਸਕੇ ਤਾਂ ਉਨ੍ਹਾਂ ਨੂੰ ਪੁਨਰ-ਬੀਮਾ ਵੀ ਖਰੀਦਣਾ ਪੈਂਦਾ ਹੈ। ਇਹ



ਪੁਨਰ ਬੀਮਾ ਆਮ ਕਰਕੇ ਸਰਕਾਰੀ ਮਾਲਕੀ ਵਾਲੀ ਪੁਨਰ-ਬੀਮਾ ਕੰਪਨੀ ਐਗਰੋਏਸੇਮੈਕਸ ਦੁਆਰਾ ਪ੍ਰਦਾਨ ਕੀਤਾ ਜਾਂਦਾ ਰਿਹਾ ਹੈ। ਵਿਸ਼ਵ ਪੱਧਰ 'ਤੇ ਜਿਨ੍ਹਾਂ ਪ੍ਰਾਈਵੇਟ ਮਾਡਲਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਉਨ੍ਹਾਂ ਵਿੱਚ ਇਹ ਕਮੀ ਹੈ ਕਿ ਜੇਕਰ ਕੋਈ ਨੁਕਸਾਨ ਨਾ ਹੋਵੇ ਤਾਂ ਅਦਾ ਕੀਤੇ ਗਏ ਪ੍ਰੀਮੀਅਮ ਨਿੱਜੀ ਉੱਦਮ ਲਈ ਮੁਨਾਫ਼ਾ ਬਣ ਜਾਂਦੇ ਹਨ। ਜੇਕਰ ਪੰਜਾਬ ਦੁਆਰਾ ਅਪਣਾਏ ਜਾਣ ਵਾਲੇ ਕਿਸੇ ਬੀਮਾ ਮਾਡਲ ਵਿੱਚ ਨਿੱਜੀ ਮੁਨਾਫ਼ਾ ਬੀਮਾਕਰਤਾ ਸ਼ਾਮਿਲ ਨਾ ਹੋਵੇ ਤਾਂ ਇਹ ਲਾਭਦਾਇਕ ਹੋ ਸਕਦਾ ਹੈ। ਜੋ ਨੁਕਸਾਨ ਨਾ ਹੋਣ ਦੀ ਸੂਰਤ ਵਿੱਚ ਜਾਂ ਇਕੱਠੀ ਹੋਈ ਰਕਮ ਦੇ ਇੱਕ ਸੁਰੱਖਿਅਤ ਸੀਮਾ 'ਤੇ ਪਹੁੰਚ ਜਾਣ 'ਤੇ ਇਕੱਠੇ ਹੋਏ ਫੰਡਾਂ ਨੂੰ ਹੋਰ ਸਥਾਨਕ ਵਿਕਾਸ ਉਦੇਸ਼ਾਂ ਲਈ ਵਰਤਿਆ ਜਾ ਸਕੇਗਾ। ਹਾਲਾਂਕਿ ਪਬਲਿਕ ਪ੍ਰਾਈਵੇਟ ਭਾਈਵਾਲੀ ਮਾਡਲਾਂ ਵਿੱਚ ਲਾਭ ਵੰਡ ਦੀ ਧਾਰਾ ਹੋ ਸਕਦੀ ਹੈ ਪਰ ਇਹ ਸ਼ਰਤਾਂ ਦੇ ਨਾਲ ਹੁੰਦੀ ਹੈ।

ਮੇਰੇ ਮੁਲਾਂਕਣ ਅਨੁਸਾਰ ਕੁੱਝ ਸੁਝਾਅ ਇਸ ਤਰ੍ਹਾਂ ਹਨ :

1. ਜੇਕਰ ਪੰਜਾਬ ਅਜਿਹਾ ਮਾਡਲ ਅਪਣਾਏ ਜਿਸ ਵਿੱਚ ਕੋਈ ਨਿੱਜੀ ਮੁਨਾਫ਼ਾ ਕਮਾਉਣ ਵਾਲੀ ਕੰਪਨੀ ਸ਼ਾਮਿਲ ਨਾ ਹੋਵੇ ਤਾਂ ਇਹ ਲਾਭਕਾਰੀ ਸਾਬਤ ਹੋ ਸਕਦਾ ਹੈ।

2. ਜੇਕਰ ਪੰਜਾਬ ਪਬਲਿਕ ਪ੍ਰਾਈਵੇਟ ਭਾਈਵਾਲੀ ਮਾਡਲ ਦੀ ਵਰਤੋਂ ਕਰਦਾ ਹੈ ਤਾਂ ਮੁਨਾਫ਼ਾ ਵੰਡ ਦੀਆਂ ਧਾਰਾਵਾਂ ਕਿਸਾਨਾਂ ਤੇ ਮਜ਼ਦੂਰਾਂ ਦੇ ਪੱਖ ਵਿੱਚ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਇਹ ਯਕੀਨੀ ਹੋ ਸਕੇਗਾ ਕਿ ਇਕੱਠੀ ਹੋਈ ਰਕਮ ਇੱਕ ਸੁਰੱਖਿਅਤ ਹੱਦ ਤੱਕ ਪਹੁੰਚਣ 'ਤੇ ਇਨ੍ਹਾਂ ਨੂੰ ਹੋਰ ਸਥਾਨਕ ਵਿਕਾਸਮੁਖੀ ਉਦੇਸ਼ਾਂ ਲਈ ਵਰਤਿਆ ਜਾਵੇਗਾ।

3. ਜੇਕਰ ਪੰਜਾਬ ਦੇ ਕਿਸਾਨ ਇਹ ਸਭ ਕੁੱਝ ਆਪਣੇ ਪੱਧਰ 'ਤੇ ਕਰ ਲੈਣ (ਨਿੱਜੀ ਮੁਨਾਫ਼ਾ ਕੰਪਨੀ ਤੇ ਸਰਕਾਰੀ ਪੁਨਰ-ਬੀਮੇ ਤੋਂ ਬਿਨਾਂ) ਤਾਂ ਇਹ ਇੱਕ ਇਤਿਹਾਸਕ ਪ੍ਰਾਪਤੀ ਹੋਵੇਗੀ। ਹਰ ਬੀਮਾ ਮਾਡਲ ਦੇ ਆਪਣੇ ਫ਼ਾਇਦੇ/ਨੁਕਸਾਨ ਹੁੰਦੇ ਹਨ, ਕਿਸੇ ਵੀ ਬੀਮਾ ਮਾਡਲ ਨੂੰ ਅਪਣਾਉਣ ਤੋਂ ਪਹਿਲਾਂ ਵੱਖ-ਵੱਖ ਬੀਮਾ ਮਾਡਲਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

ਪੰਜਾਬ ਦੇ ਹਿੱਤ ਵਿੱਚ ਕਿਸਾਨ ਤੇ ਖੇਤ ਮਜ਼ਦੂਰ, ਪੰਜਾਬ ਦੇ ਸੂਝਵਾਨ ਉੱਦਮੀ ਨੌਜਵਾਨ, ਪੰਜਾਬ ਦੀਆਂ ਸਭ ਕਿਸਾਨ ਜੱਥੇਬੰਦੀਆਂ, ਗੈਰ-ਸਰਕਾਰੀ ਸੰਗਠਨ ਵਿਦਵਾਨ ਤੇ ਗਾਇਕ ਕਲਾਕਾਰ ਸਾਰੇ ਇਕੱਠੇ ਹੋ ਕੇ ਪੰਜਾਬ ਪ੍ਰਸ਼ਾਸਨ ਨਾਲ ਮਿਲ ਕੇ ਸੂਬੇ ਦੇ ਹਿੱਤ ਵਾਲਾ ਕੋਈ ਇੱਕ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਤੇ ਟਿਕਾਊ ਬੀਮਾ ਮਾਡਲ ਤਿਆਰ ਕਰ ਸਕਦੇ ਹਨ। ਕੋਈ ਅਜਿਹਾ ਟਿਕਾਊ ਬੀਮਾ ਮਾਡਲ ਜੋ ਦੁਨੀਆ ਭਰ ਦੇ ਕਿਸਾਨਾਂ ਲਈ ਇੱਕ ਉਦਾਹਰਣ ਬਣ ਸਕੇ।

# ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਸਾਂਭਣ ਵਾਲਾ ਹਿੰਮਤੀ ਕਿਸਾਨ - ਮੇਹਰ ਚੰਦ

ਮੇਹਰ ਚੰਦ ਪਿੰਡ ਪੰਨਵਾਂ, ਬਲਾਕ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਇੱਕ ਛੋਟਾ ਅਤੇ ਹਿੰਮਤੀ ਕਿਸਾਨ ਹੈ ਜੋ ਆਪਣੀ ਕੁੱਲ 3.5 ਏਕੜ ਜ਼ਮੀਨ ਉੱਤੇ ਕਣਕ-ਝੋਨੇ ਦੀ ਖੇਤੀ ਕਰਦਾ ਹੈ। ਉਸ ਨੇ ਸਾਲ 2021 ਵਿੱਚ ਝੋਨੇ ਦੀ ਪਰਾਲੀ ਨਾ ਸਾੜਦੇ ਹੋਏ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਬਿਜਾਈ ਕਰਨੀ ਸ਼ੁਰੂ ਕੀਤੀ। ਇਹ ਉਸ ਦੇ ਲਈ ਇੱਕ ਨਵਾਂ ਤੇ ਪ੍ਰਗਤੀਸ਼ੀਲ ਕਦਮ ਸੀ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਣ ਦੇ ਨਾਲ ਵਾਤਾਵਰਣ ਪ੍ਰਦੂਸ਼ਣ ਤੋਂ ਵੀ ਬਚਾਅ ਹੋਇਆ।

ਸਾਲ 2023 ਵਿੱਚ ਮੇਹਰ ਚੰਦ ਦਾ ਸੰਪਰਕ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਵਿਗਿਆਨੀਆਂ ਨਾਲ ਹੋਇਆ ਜਿੱਥੋਂ ਉਸ ਨੂੰ "ਪੀਏਯੂ ਸਮਾਰਟ ਸੀਡਰ" ਬਾਰੇ ਜਾਣਕਾਰੀ ਮਿਲੀ। ਉਸ ਨੇ ਇਸ ਤਕਨੀਕ ਨੂੰ ਅਪਣਾਉਣ ਦਾ ਫ਼ੈਸਲਾ ਕੀਤਾ ਅਤੇ ਸਾਲ 2024 ਵਿੱਚ ਝੋਨੇ ਦੀ ਪੀ ਆਰ 126 ਕਿਸਮ ਦੀ ਕਟਾਈ ਤੋਂ ਬਾਅਦ ਸਮਾਰਟ ਸੀਡਰ ਮਸ਼ੀਨ ਨਾਲ ਕਣਕ ਦੀ ਬਿਜਾਈ ਕੀਤੀ। ਝੋਨੇ ਦੀ ਵਾਢੀ ਤੋਂ ਬਾਅਦ ਉਸ ਦੀ ਖੇਤ ਦੀ ਮਿੱਟੀ ਵਿੱਚ ਨਮੀਂ ਘੱਟ ਰਹਿ ਗਈ ਸੀ, ਜਿਸ ਵਿੱਚ ਸਮਾਰਟ ਸੀਡਰ ਮਸ਼ੀਨ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਸੀ। ਮੇਹਰ ਚੰਦ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਨਾਲ ਸਲਾਹ ਕਰਕੇ ਪਹਿਲਾਂ ਖੇਤ ਵਿੱਚ ਰੌਣੀ ਕੀਤੀ ਅਤੇ ਜਦੋਂ ਖੇਤ ਵਿੱਚ ਵੱਤਰ ਤੋਂ ਥੋੜ੍ਹੀ ਜ਼ਿਆਦਾ ਨਮੀਂ ਦੇ ਹਾਲਾਤ ਆਏ ਤਾਂ ਉਸ ਨੇ ਸਮਾਰਟ ਸੀਡਰ ਨਾਲ ਕਣਕ ਦੀ ਬਿਜਾਈ ਕਰ ਦਿੱਤੀ। ਮੇਹਰ ਚੰਦ ਅਨੁਸਾਰ ਇਸ ਮਸ਼ੀਨ ਨਾਲ ਬਿਜਾਈ ਕਰਦੇ ਸਮੇਂ ਟਰੈਕਟਰ ਦਾ ਜ਼ੋਰ ਘੱਟ ਲੱਗਿਆ ਅਤੇ ਕਣਕ ਦਾ ਜੰਮ ਵੀ ਵਧੀਆ ਰਿਹਾ। ਸਿਰਫ਼ ਇੱਕ ਹਫ਼ਤੇ ਅੰਦਰ ਹੀ ਕਣਕ ਦੀ ਫ਼ਸਲ ਖੇਤ ਵਿੱਚ ਵਧੀਆ ਲਾਈਨਾਂ ਵਿੱਚ ਨਜ਼ਰ ਆਉਣ ਲੱਗ ਪਈ ਜਿਸ ਨਾਲ ਉਸ ਨੂੰ ਬਹੁਤ ਖ਼ੁਸ਼ੀ ਅਤੇ ਤਸੱਲੀ ਹੋਈ। ਇਸ ਤਕਨੀਕ ਨਾਲ ਉਸ ਨੂੰ ਖੇਤ ਤਿਆਰ ਕਰਨ ਦੀ ਜ਼ਰੂਰਤ ਨਹੀਂ ਪਈ। ਜਿਸ ਨਾਲ ਉਸ ਦਾ ਬਿਜਾਈ ਦਾ ਖਰਚਾ ਘੱਟ ਹੋਇਆ ਅਤੇ ਲਗਭਗ 1000/- ਰੁਪਏ ਏਕੜ ਰਵਾਇਤੀ ਤਕਨੀਕ ਦੇ ਮੁਕਾਬਲੇ ਬੱਚਤ ਹੋਈ। ਇਸ ਤਕਨੀਕ ਨਾਲ ਬੀਜੀ ਕਣਕ ਦਾ ਰਵਾਇਤੀ ਤਕਨੀਕੀ ਨਾਲ ਬੀਜੀ ਕਣਕ ਨਾਲੋਂ 1.5 ਕੁਇੰਟਲ ਪ੍ਰਤੀ ਏਕੜ ਝਾੜ ਵੀ ਵੱਧ ਰਿਹਾ। ਇਸ ਤਰ੍ਹਾਂ ਉਸ ਨੂੰ ਘੱਟ ਖਰਚੇ ਵਿੱਚ ਜ਼ਿਆਦਾ ਝਾੜ ਪ੍ਰਾਪਤ ਹੋਇਆ। ਸਾਲ 2025 ਵਿੱਚ ਵੀ ਉਸ ਨੇ ਇਸ ਤਕਨੀਕ ਨੂੰ ਅਪਣਾਉਂਦੇ ਹੋਏ ਕਣਕ ਦੀ ਬਿਜਾਈ ਕਰਨ ਦਾ ਸੋਚਿਆ ਹੈ।

ਮੇਹਰ ਚੰਦ ਝੋਨੇ ਦੀਆਂ ਘੱਟ ਸਮੇਂ ਵਾਲੀਆਂ ਕਿਸਮਾਂ ਦੀ ਲਵਾਈ ਕਰਦਾ ਹੈ। ਜਿਸ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਸਮੇਂ ਸਿਰ ਕਣਕ ਦੀ ਬਿਜਾਈ ਲਈ ਤਿਆਰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਮੇਹਰ ਚੰਦ ਨੇ ਨਵੀਆਂ ਤਕਨੀਕਾਂ ਨੂੰ ਅਪਣਾ ਕੇ ਆਪਣੀ ਕਣਕ-ਝੋਨੇ ਦੀ ਖੇਤੀ ਨੂੰ ਨਾ ਸਿਰਫ਼ ਲਾਭਕਾਰੀ ਬਣਾਇਆ ਹੈ ਸਗੋਂ ਵਾਤਾਵਰਣ ਸੁਰੱਖਿਆ ਅਤੇ ਪਾਣੀ ਦੀ ਬੱਚਤ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ।

**ਸੁਨੀਲ ਕੁਮਾਰ ਅਤੇ ਮਨਦੀਪ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ (ਸੰਗਰੂਰ)**
(ਮੋ. 70097-84182)



# ਕਿਸਾਨਾਂ ਲਈ ਦਸੰਬਰ ਦਾ ਮਹੀਨਾ

ਡਾ. ਰਣਜੀਤ ਸਿੰਘ

ਦਸੰਬਰ ਦੇ ਮਹੀਨੇ ਠੰਡ ਵਿੱਚ ਵਾਧਾ ਹੋ ਜਾਂਦਾ ਹੈ। ਠੰਡ ਤੋਂ ਜਿੱਥੇ ਤੁਸੀਂ ਆਪਣੇ ਪਰਿਵਾਰ ਦਾ ਬਚਾ ਰੱਖਣਾ ਹੈ ਉੱਥੇ ਆਪਣੇ ਡੰਗਰਾਂ ਅਤੇ ਫ਼ਸਲਾਂ ਦਾ ਵੀ ਖਿਆਲ ਰੱਖੋ। ਖਾਸ ਕਰ ਜਿਹੜੇ ਰੁੱਖ ਇਸੇ ਸਾਲ ਬਰਸਾਤ ਵਿੱਚ ਲਗਾਏ ਹਨ ਉਨ੍ਹਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜੇਕਰ ਲੋੜ ਹੋਵੇ ਤਾਂ ਪਰਾਲੀ ਦੀਆਂ ਪੂਲੀਆਂ ਬੰਨ੍ਹ ਕੇ ਰਾਖੀ ਕੀਤੀ ਜਾ ਸਕਦੀ ਹੈ। ਹਾੜ੍ਹੀ ਦੀ ਬਿਜਾਈ ਲਗਭਗ ਪੂਰੀ ਹੋ ਚੁੱਕੀ ਹੈ। ਜੇਕਰ ਇਸ ਮਹੀਨੇ ਕਣਕ ਦੀ ਬਿਜਾਈ ਕਰਨੀ ਹੈ ਤਾਂ ਪਿਛੇਤੀਆਂ ਕਿਸਮਾਂ ਦੀ ਬਿਜਾਈ ਕਰੋ। ਪੰਜਾਬ ਵਿੱਚ ਪੀ ਬੀ ਡਬਲਯੂ 771, ਪੀ ਬੀ ਡਬਲਯੂ 757 ਅਤੇ ਪੀ ਬੀ ਡਬਲਯੂ 752 ਕਿਸਮਾਂ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਪੀ ਬੀ ਡਬਲਯੂ 771 ਅਤੇ 752 ਪੱਕਣ ਵਿੱਚ ਕੋਈ 130



ਦਿਨ ਲੈਂਦੀਆਂ ਹਨ ਅਤੇ ਇਨ੍ਹਾਂ ਤੋਂ 19 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋ ਜਾਂਦਾ ਹੈ। ਪੀ ਬੀ ਡਬਲਯੂ 757 ਕੇਵਲ 114 ਦਿਨਾਂ ਵਿੱਚ ਪੱਕ ਜਾਂਦੀ ਹੈ ਪਰ ਇਸ ਦਾ ਝਾੜ ਕੋਈ 16 ਕੁਇੰਟਲ ਪ੍ਰਤੀ ਏਕੜ ਹੈ। ਕਣਕ ਦੀ ਬਿਜਾਈ ਵਿੱਚ ਬਹੁਤੀ ਪਿਛੇਤ ਠੀਕ ਨਹੀਂ ਹੈ।

ਸਮੇਂ ਸਿਰ ਬੀਜੀ ਕਣਕ ਨੂੰ ਹੁਣ ਪਹਿਲਾ ਪਾਣੀ ਦੇ ਦੇਣਾ ਚਾਹੀਦਾ ਹੈ। ਸਮੇਂ ਸਿਰ ਬੀਜੀ ਕਣਕ ਨੂੰ ਬਾਕੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਪਹਿਲੇ ਪਾਣੀ ਨਾਲ ਪਾ ਦੇਵੋ। ਲੋੜ ਤੋਂ ਵੱਧ ਖਾਦ ਦੀ ਵਰਤੋਂ ਨਾ ਕੀਤੀ ਜਾਵੇ। ਪਿਛੇਤੀ ਬੀਜੀ ਕਣਕ ਲਈ ਤਾਂ ਨਾਈਟ੍ਰੋਜਨ ਉਂਝ ਵੀ ਘੱਟ ਪਾਉਣੀ ਚਾਹੀਦੀ ਹੈ।

ਹੁਣ ਕਪਾਹ ਦੀ ਆਖਰੀ ਚੁਗਾਈ ਹੋਣ ਦਾ ਸਮਾਂ ਹੈ। ਇਸ ਚੁਗਾਈ ਦੀ ਫ਼ਸਲ ਵੱਖਰੀ ਰੱਖੀ ਜਾਵੇ ਕਿਉਂਕਿ ਇਹ ਇਤਨੀ ਵਧੀਆ ਨਹੀਂ ਹੁੰਦੀ। ਆਖਰੀ ਚੁਗਾਈ ਪਿੱਛੋਂ ਡੰਗਰਾਂ ਨੂੰ ਖੇਤ ਵਿਚ ਚੁਗਣ ਲਈ ਛੱਡ ਦਿੱਤਾ ਜਾਵੇ ਤੇ ਮੁੜ ਛਿਟੀਆਂ ਨੂੰ ਪੁਟ ਕੇ ਖੇਤ ਤੋਂ ਬਾਹਰ ਲੈ ਜਾਣਾ ਚਾਹੀਦਾ ਹੈ। ਇੰਝ ਕੀੜਿਆਂ ਦੇ ਹਮਲੇ ਨੂੰ ਰੋਕਿਆ ਜਾ ਸਕਦਾ ਹੈ। ਇਸ ਮਹੀਨੇ ਸਰ੍ਹੋਂ ਦਾ ਸਾਗ ਸਾਰੇ ਪੰਜਾਬੀ ਘਰਾਂ ਵਿੱਚ ਬਣਨਾ ਸ਼ੁਰੂ ਹੋ ਜਾਂਦਾ ਹੈ। ਪਰ ਜੇਕਰ ਸਰ੍ਹੋਂ ਨੂੰ ਤੇਲ (ਚੇਪਾ) ਪੈ ਜਾਵੇ ਤਾਂ ਇਹ ਸਾਗ ਦੇ ਕਾਬਿਲ ਨਹੀਂ ਰਹਿੰਦਾ ਤੇ ਇਸ ਦਾ ਝਾੜ ਵੀ ਘੱਟ ਜਾਂਦਾ ਹੈ। ਜਦੋਂ ਫ਼ਸਲ ਉੱਤੇ ਤੇਲੇ ਦਾ ਹਮਲਾ ਵੱਡੀ ਮਾਤਰਾ ਵਿੱਚ ਹੋ ਜਾਵੇ ਤਾਂ ਇਸ ਦੀ ਰੋਕਥਾਮ ਲਈ ਸਿਫ਼ਾਰਿਸ਼ ਕੀਤੀ ਜ਼ਹਿਰ ਦਾ ਛਿੜਕਾਅ ਕੀਤਾ ਜਾਵੇ। ਤੇਲੇ ਦੀ ਰੋਕਥਾਮ ਏਕਤਾਰਾ 25 ਡਬਲਯੂ ਜੀ, ਦਾ 40 ਗ੍ਰਾਮ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਕੇ ਵੀ ਕੀਤੀ ਜਾ ਸਕਦੀ ਹੈ। ਤੇਲੇ ਦੀ ਰੋਕਥਾਮ ਮੈਟਾਸਿਸਟੌਕ 25 ਈ ਸੀ ਜਾਂ ਰੋਗਰ 30 ਈ ਸੀ ਜਾਂ ਡਰਸਬਾਨ 20 ਈ ਸੀ ਦਾ 600 ਗ੍ਰਾਮ ਲੈ ਕੇ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰਕੇ ਵੀ ਹੋ ਸਕਦੀ ਹੈ। ਛਿੜਕਾਅ ਸ਼ਾਮ ਨੂੰ ਕਰਨਾ ਚਾਹੀਦਾ ਹੈ। ਛਿੜਕਾਅ ਕਰਨ ਪਿੱਛੋਂ ਘੱਟੋ-ਘੱਟ ਇੱਕ ਹਫ਼ਤਾ ਸਾਗ ਨਾ ਤੋੜਿਆ ਜਾਵੇ। ਜੇਕਰ ਸਾਗ ਪਹਿਲਾਂ ਤੋੜਿਆ ਜਾਵੇਗਾ ਤਾਂ ਜ਼ਹਿਰ ਦੇ ਅੰਸ਼ ਇਸ ਵਿੱਚ ਚਲੇ ਜਾਣਗੇ।

ਮੂਲੀ ਦੀ ਬਿਜਾਈ ਸਾਰਾ ਸਾਲ ਕੀਤੀ ਜਾ ਸਕਦੀ ਹੈ। ਇਸ ਮਹੀਨੇ ਦੀ ਬਿਜਾਈ ਲਈ ਜਪਾਨੀ ਵਾਈਟ ਕਿਸਮ ਬੀਜੀ ਜਾਵੇ। ਇੱਕ ਏਕੜ ਵਿੱਚ ਪੰਜ ਕਿਲੋ ਬੀਜ ਪਾਵੋ। ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿੱਚ ਵੱਟਾਂ ਉੱਤੇ ਬਿਜਾਈ ਕਰਨੀ ਚਾਹੀਦੀ ਹੈ। ਟਮਾਟਰਾਂ ਦੀ ਪਨੀਰੀ ਵੀ ਪੁਟ ਕੇ ਹੁਣ ਲਗਾਈ



ਜਾ ਸਕਦੀ ਹੈ ਪਰ ਜਦੋਂ ਸਰਦੀ ਵਿੱਚ ਵਾਧਾ ਹੋਇਆ ਤਾਂ ਫ਼ਸਲ ਨੂੰ ਸਿਰਕੀਆਂ ਨਾਲ ਢੱਕ ਕੇ ਠੰਡ ਤੋਂ ਬਚਾਉਣਾ ਜ਼ਰੂਰੀ ਹੈ।

ਅਨਾਰ ਭਾਰਤ ਦਾ ਪ੍ਰਾਚੀਨ ਫ਼ਲ ਹੈ। ਇਸ ਦੇ ਫ਼ੁੱਲਾਂ ਦੀ ਔਰਤਾਂ ਦੀ ਖ਼ੂਬਸੂਰਤੀ ਨਾਲ ਤੁਲਨਾ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਕਈ ਰੋਗਾਂ ਨੂੰ ਰੋਕਣ ਲਈ ਵੀ ਕੀਤੀ ਜਾਂਦੀ ਹੈ। ਅਨਾਰ ਦੇ ਬੂਟੇ ਲਗਾਉਣ ਦਾ ਹੁਣ ਢੁੱਕਵਾਂ ਸਮਾਂ ਹੈ। ਇਸ ਸਾਲ ਲਗਾਏ ਨਵੇਂ ਬੂਟਿਆਂ ਦੀ ਸਾਂਭ ਸੰਭਾਲ ਵੀ ਜ਼ਰੂਰੀ ਹੈ, ਇਨ੍ਹਾਂ ਨੂੰ ਠੰਡ ਤੋਂ ਬਚਾਉਣਾ ਚਾਹੀਦਾ ਹੈ। ਇਨ੍ਹਾਂ ਬੂਟਿਆਂ ਉੱਤੇ ਛੌਰਾ ਕਰਕੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ। ਪੁਰਾਣੇ ਬੂਟਿਆਂ ਨੂੰ ਦੇਸੀ ਰੂੜੀ ਵੀ ਹੁਣ ਪਾਉਣ ਦਾ ਸਮਾਂ ਹੈ। ਇੱਕ ਸਾਲ ਦੇ ਬੂਟੇ ਨੂੰ ਕੋਈ ਪੰਜ ਕਿਲੋ ਰੂੜੀ ਪਾਈ ਜਾਵੇ। ਪਤਝੜੀ ਬੂਟਿਆਂ ਦੀ ਕਾਂਟ ਛਾਂਟ ਦਾ ਵੀ ਇਹ ਢੁੱਕਵਾਂ ਸਮਾਂ ਹੈ। ਅਗਲੇ ਮਹੀਨੇ ਨਵੇਂ ਪਤਝੱੜੀ ਬੂਟੇ ਲਗਾਏ ਜਾਣੇ ਹਨ। ਇਨ੍ਹਾਂ ਬਾਰੇ ਹੁਣ ਫ਼ੈਸਲਾ ਕਰ ਲੈਣਾ ਚਾਹੀਦਾ ਹੈ। ਬੂਟੇ ਲਗਾਉਣ ਲਈ ਟੋਏ ਪੁਟੇ ਜਾਣ। ਇੱਕ ਮੀਟਰ ਡੂੰਘਾ ਤੇ ਇੱਕ ਮੀਟਰ ਘੇਰੇ ਵਾਲਾ ਟੋਇਆ ਪੁਟਿਆ ਜਾਵੇ। ਇਸ ਨੂੰ ਅੱਧੀ ਉਪਰਲੀ ਮਿੱਟੀ ਤੇ ਅੱਧੀ ਰੂੜੀ ਰਲਾ ਕੇ ਭਰ ਦਿੱਤਾ ਜਾਵੇ। ਬੂਟੇ ਪੀ ਏ ਯੂ ਜਾਂ ਸਰਕਾਰੀ ਜਾਂ ਕਿਸੇ ਭਰੋਸੇਯੋਗ ਨਰਸਰੀ ਤੋਂ ਖਰੀਦੇ ਜਾਣ। ਜੇਕਰ ਬਾਗ ਵਿੱਚ ਕੋਈ



ਫ਼ਸਲ ਨਾ ਬੀਜੀ ਤਾਂ ਇਸ ਵਿੱਚ ਹਲ ਚਲਾ ਦੇਣਾ ਚਾਹੀਦਾ ਹੈ। ਵਹਾਈ ਕਰਨ ਨਾਲ ਨਦੀਨਾਂ ਦੀ ਰੋਕਥਾਮ ਹੁੰਦੀ ਹੈ ਤੇ ਹਾਨੀਕਾਰਕ ਕੀੜੇ ਵੀ ਨਸ਼ਟ ਹੋ ਜਾਂਦੇ ਹਨ। ਇਸ ਮਹੀਨੇ ਕਿੰਨੂ ਤਿਆਰ ਹੋ ਜਾਂਦਾ ਹੈ। ਪੰਜਾਬ ਵਿੱਚ ਕਿੰਨੂ ਹੇਠ ਹੀ ਸਭ ਤੋਂ ਵੱਧ ਰਕਬਾ ਹੈ। ਅਕਾਰ ਅਨੁਸਾਰ ਇਨ੍ਹਾਂ ਨੂੰ ਡੱਬਿਆਂ ਵਿਚ ਬੰਦ ਕੀਤਾ ਜਾਵੇ। ਕਿੰਨੂ ਤੋੜਨ ਸਮੇਂ ਵੀ ਧਿਆਨ ਰੱਖਣਾ ਚਾਹੀਦਾ ਹੈ। ਇਸ ਨੂੰ ਕਟਰ ਨਾਲ ਕੱਟਿਆ ਜਾਵੇ।

ਹੁਣ ਠੰਡ ਹੋਣ ਲੱਗ ਪਈ ਹੈ। ਡੰਗਰਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਧੁੱਪ ਵਿੱਚ ਬੰਨ੍ਹੋ। ਰਾਤ ਨੂੰ ਝੁਲ ਪਾਵੋ ਤੇ ਅੰਦਰ ਬੰਨ੍ਹੋ। ਉਨ੍ਹਾਂ ਹੇਠਾਂ ਸੁਕ ਪਾਵੋ। ਨਵੇਂ ਜੰਮੇ ਕੱਟੜੂ ਵੱਛੜੂ ਠੰਡ ਵਿੱਚ ਜਲਦੀ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ। ਡੰਗਰਾਂ ਨੂੰ ਮਲ੍ਹਪ ਰਹਿਤ ਵੀ ਕਰ ਦੇਣਾ ਚਾਹੀਦਾ ਹੈ। ਸਰਦੀ ਵਿੱਚ ਖ਼ੁਸ਼ਕੀ ਵੱਧ ਜਾਂਦੀ ਹੈ। ਫ਼ੱਟੇ ਹੋਏ ਜਾਂ ਜ਼ਖ਼ਮੀ ਥਣਾਂ ਨੂੰ ਗਲਿਸਰੀਨ ਅਤੇ ਆਇਓਡੀਨ (1:4) ਦੇ ਘੋਲ ਵਿੱਚ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ। ਨਿਰੋਲ ਹਰਾ ਚਾਰਾ ਵੀ ਨਾ ਪਾਇਆ ਜਾਵੇ ਸਗੋਂ ਇਸ ਵਿੱਚ ਤੂੜੀ ਰਲਾ ਕੇ ਪਾਉਣਾ ਚਾਹੀਦਾ ਹੈ। ਮੁਰਗੀਆਂ ਦੇ ਸ਼ੈਡਾਂ ਨੂੰ ਪੱਲੀਆਂ ਨਾਲ ਢੱਕ ਦੇਣਾ ਚਾਹੀਦਾ ਹੈ। ਚੂਚਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਹੁਣ ਗੰਨੇ ਦੀ ਕਟਾਈ ਪੂਰੇ ਜ਼ੋਰ ਨਾਲ ਚੱਲ ਰਹੀ ਹੈ। ਅਗੇਤੀਆਂ ਕਿਸਮਾਂ ਦੀ ਕਟਾਈ ਇਸ ਮਹੀਨੇ ਪੂਰੀ ਕਰ ਲੈਣੀ ਚਾਹੀਦੀ ਹੈ। ਜੇਕਰ ਮੋਢੀ ਫ਼ਸਲ ਰੱਖਣੀ ਹੈ ਤਾਂ ਕਟਾਈ ਅਗਲੇ ਮਹੀਨੇ ਕੀਤੀ ਜਾਵੇ। ਮੋਢੀ ਫ਼ਸਲ ਰੱਖਣ ਲਈ ਗੰਨੇ ਦੀ ਕਟਾਈ ਪਿੱਛੋਂ ਖੇਤ ਵਿੱਚੋਂ ਖੋਰੀ ਕੱਢ ਕੇ ਪਾਣੀ ਲਗਾ ਦੇਵੋ। ਵੱਤਰ ਆਉਣ ਉੱਤੇ ਇੱਕ ਗੋਡੀ ਕਰੋ। ਫ਼ਸਲ ਦੀ ਕਟਾਈ ਧਰਤੀ ਦੇ ਬਿਲਕੁਲ ਨਾਲ ਕਰੋ। ਜੇਕਰ ਗੋਡੀ ਨਾ ਹੋ ਸਕੇ ਤਾਂ ਟਿਲਰ ਨਾਲ ਵਹਾਈ ਕਰ ਦੇਵੋ।

ਜੇਕਰ ਖੰਡ ਮਿਲ ਉੱਤੇ ਗੰਨਾ ਵੇਚਣ ਵਿੱਚ ਦਿੱਕਤ ਹੋ ਰਹੀ ਹੈ ਤਾਂ ਗੁੜ ਤੇ ਸ਼ੱਕਰ ਬਣਾਏ ਜਾ ਸਕਦੇ ਹਨ। ਗੁੜ ਵਿੱਚ ਕੈਲਸ਼ੀਅਮ, ਲੋਹਾ, ਫ਼ਾਸਫ਼ੋਰਸ ਆਦਿ ਹੁੰਦੇ ਹਨ। ਵਧੀਆ ਵੇਲਣਾ ਲਗਾਵੋ ਤਾਂ ਜੋ ਪੂਰਾ ਰਸ ਕੱਢਿਆ ਜਾ ਸਕੇ। ਕੜ੍ਹਦੀ ਰਸ ਦੀ ਸਫ਼ਾਈ ਲਈ ਸੋਡੇ ਦੀ ਥਾਂ ਸੁਖਲਾਈ ਨਾਮਕ ਬੂਟੀ ਵਰਤੀ ਜਾ ਸਕਦੀ ਹੈ। ਇਹ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਪਹਾੜੀਆਂ ਵਿੱਚੋਂ ਪ੍ਰਾਪਤ ਹੋ ਜਾਂਦੀ ਹੈ। ਸੁਖਲਾਈ ਦੇ ਛਿਲਕੇ ਨੂੰ 24 ਘੰਟੇ ਭਿਉ ਕੇ ਰੱਖੋ। ਇਸ ਨੂੰ ਮਲ ਕੇ ਗਾੜ੍ਹਾ ਘੋਲ ਬਣਾ ਲਵੋ। ਇੱਕ ਲਿਟਰ ਘੋਲ ਨਾਲ 100 ਲਿਟਰ ਰਸ ਨੂੰ ਸਾਫ਼ ਕੀਤਾ ਜਾ ਸਕਦਾ ਹੈ। ਗੁੜ ਵਿੱਚ ਖ਼ੁਸ਼ਕ ਮੇਵੇ ਪਾ ਕੇ ਇਸ ਨੂੰ ਮਠਿਆਈ ਦੇ ਰੂਪ ਵਿੱਚ ਵੀ ਵੇਚਿਆ ਜਾ ਸਕਦਾ ਹੈ।

# ਸੁਰੰਗਾਂ ਵਿੱਚ ਸਬਜ਼ੀਆਂ ਦੀ ਕਾਸ਼ਤ

**ਦਿਲਪ੍ਰੀਤ ਤਲਵਾੜ, ਸਈਦ ਐੱਸ ਪਟੇਲ ਅਤੇ ਨਿਸ਼ਾ ਸ਼ਰਮਾ,**
**ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋ. 95927-72123)

ਪਲਾਸਟਿਕ ਦੀਆਂ ਛੋਟੀਆਂ ਸੁਰੰਗਾਂ ਜਿਸ ਨਾਲ ਬੂਟੇ ਦੇ ਆਲੇ-ਦੁਆਲੇ ਦਾ ਤਾਪਮਾਨ ਬਦਲ ਕੇ ਛੋਟਾ ਗ੍ਰੀਨ ਹਾਊਸ ਪੈਦਾ ਕੀਤਾ ਜਾਂਦਾ ਹੈ, ਉਨ੍ਹਾਂ ਸੁਰੰਗਾਂ ਨੂੰ ਨੀਵੀਆਂ ਸੁਰੰਗਾਂ ਕਿਹਾ ਜਾਂਦਾ ਹੈ। ਇਹ ਨੀਵੀਆਂ ਸੁਰੰਗਾਂ ਰਾਹੀਂ ਬੂਟੇ ਦੇ ਆਲੇ-ਦੁਆਲੇ ਕਾਰਬਨ ਡਾਇਆਕਸਾਈਡ ਵੱਧ ਜਾਂਦੀ ਹੈ ਜਿਸ ਕਾਰਨ ਪ੍ਰਕਾਸ਼ ਸੰਸਲੇਸ਼ਣ ਦੀ ਪ੍ਰਕ੍ਰਿਆ ਵੀ ਵੱਧ ਜਾਂਦੀ ਹੈ ਅਤੇ ਬੂਟੇ ਦਾ ਅਗੇਤਾ ਝਾੜ ਵੱਧ ਜਾਂਦਾ ਹੈ। ਇਨ੍ਹਾਂ ਨੀਵੀਆਂ ਸੁਰੰਗਾਂ ਨੂੰ ਜੋੜਨਾ ਅਤੇ ਖੋਲ੍ਹਣਾ ਭਾਵ ਬਣਾਉਣਾ ਅਤੇ ਢਾਹੁਣਾ ਬਹੁਤ ਆਸਾਨ ਹੈ। ਨੀਵੀਆਂ ਸੁਰੰਗਾਂ ਵਿੱਚ ਸਰਦੀ ਦੇ ਮੌਸਮ ਵਿੱਚ ਸਿਹਤਮੰਦ ਪਨੀਰੀ ਦੇ ਇਲਾਵਾ ਮਿਰਚ, ਸ਼ਿਮਲਾ ਮਿਰਚ ਅਤੇ ਬੈਂਗਣ ਦੀ ਫ਼ਸਲ ਅਤੇ ਸਿਹਤਮੰਦ



ਪਨੀਰੀ ਨੂੰ ਵੀ ਉਗਾਇਆ ਜਾ ਸਕਦਾ ਹੈ।

**ਨੀਵੀਆਂ ਸੁਰੰਗਾਂ ਨੂੰ ਬਚਾਉਣ ਦੇ ਢੰਗ** : ਦਸੰਬਰ ਦੇ ਸ਼ੁਰੂ ਵਿੱਚ ਲੋਹੇ ਦੇ ਸਰੀਏ ਦੇ ਅਰਧ ਗੋਲੇ ਬਣਾ ਕੇ 2-2 ਮੀਟਰ ਦੀ ਵਿੱਥ ਉੱਪਰ ਲਗਾ ਦਿਓ ਤਾਂ ਜੋ ਖਾਲੀਆਂ ਦੇ ਦੋਨੋਂ ਪਾਸੇ ਦੇ ਬੂਟੇ ਇਹਨਾਂ ਅਰਧ ਗੋਲਿਆਂ ਦੇ ਵਿਚਕਾਰ ਆ ਜਾਣ। ਅਰਧ ਗੋਲੇ ਬਣਾਉਣ ਲਈ 2 ਮੀਟਰ ਲੰਬੇ ਸਰੀਏ ਸਰੀਏ ਮੋੜ ਕੇ ਇਸ ਤਰ੍ਹਾਂ ਬਣਾ ਲਓ ਕਿ ਜਦੋਂ ਜ਼ਮੀਨ ਵਿੱਚ ਗੱਡੀਏ ਤਾਂ ਇਹਨਾਂ ਦੀ ਉਚਾਈ ਜ਼ਮੀਨ ਤੋਂ 45-60 ਸੈਂਟੀਮੀਟਰ ਹੋ ਜਾਵੇ। ਇਹਨਾਂ ਅਰਧ ਗੋਲਿਆਂ ਉੱਪਰ ਪਲਾਸਟਿਕ ਦੀ ਸ਼ੀਟ ਪਾ ਦਿਓ। ਪਲਾਸਟਿਕ ਦੀਆਂ ਸੀਟਾਂ ਨੂੰ ਪਾਸਿਆਂ ਤੋਂ ਮਿੱਟੀ ਨਾਲ ਦਬਾ ਦਿਓ। ਜਦੋਂ ਫਰਵਰੀ ਦੇ ਮਹੀਨੇ ਵਿੱਚ ਹਵਾ ਦਾ ਤਾਪਮਾਨ ਵੱਧ ਜਾਵੇ ਤਾਂ ਇਹਨਾਂ ਸ਼ੀਟਾਂ ਨੂੰ ਉਤਾਰ ਦਿਓ।

**ਨੀਵੀਆਂ ਸੁਰੰਗਾਂ ਵਿੱਚ ਸਬਜ਼ੀਆਂ ਦੀ ਪਨੀਰੀ ਉਗਾਉਣਾ** : ਸਬਜ਼ੀਆਂ ਦੀ ਸਿਹਤਮੰਦ ਪਨੀਰੀ ਉਗਾਉਣਾ ਇੱਕ ਹੁਨਰ ਹੈ। ਸਬਜ਼ੀਆਂ ਦੀਆਂ ਫ਼ਸਲਾਂ ਦੀ ਸਿਹਤਮੰਦ ਪਨੀਰੀ ਨੂੰ ਕੀੜੇ-ਮਕੌੜੇ, ਬਿਮਾਰੀਆਂ ਅਤੇ ਬਾਹਰ ਦੇ ਬਦਲ ਰਹੇ ਤਾਪਮਾਨ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਸਰਦੀਆਂ ਦੇ ਮੌਸਮ ਵਿੱਚ, ਗਰਮੀਆਂ ਦੀਆਂ ਸਬਜ਼ੀਆਂ ਦੀ ਪਨੀਰੀ ਜਿਵੇਂ ਕਿ ਟਮਾਟਰ, ਮਿਰਚ, ਸ਼ਿਮਲਾ ਮਿਰਚ ਅਤੇ ਪਲੱਗ ਟਰੇਆਂ ਵਿੱਚ ਕੱਦੂ ਜਾਤੀ ਦੀ ਪਨੀਰੀ ਨੂੰ ਪਲਾਸਟਿਕ ਦੀਆਂ ਨੀਵੀਆਂ ਸੁਰੰਗਾਂ ਨਾਲ ਢਕ ਕੇ ਠੰਢ ਤੋਂ ਬਚਾਇਆ ਜਾ ਸਕਦਾ ਹੈ। ਜੇਕਰ ਤਾਪਮਾਨ ਇੱਕ ਦਮ ਵੱਧ ਜਾਵੇ ਤਾਂ ਛੋਟੀਆਂ ਪਨੀਰੀਆਂ ਨੂੰ ਹਰੇ ਨੈੱਟ ਦੀ ਵਰਤੋਂ ਕਰਕੇ ਸੂਰਜ ਦੀ ਗਰਮੀ ਤੋਂ ਬਚਾਇਆ ਜਾ ਸਕਦਾ ਹੈ। ਸਬਜ਼ੀਆਂ ਦੀ ਪਨੀਰੀ ਨੂੰ ਕੀੜੇ-ਮਕੌੜਿਆਂ ਤੋਂ ਬਚਾਉਣ ਲਈ ਉਗਾਈ ਗਈ ਪੌਦ ਨੂੰ 40 ਮੈਸ਼ ਆਕਾਰ ਦੀ ਜਾਲੀ ਵਰਤ ਕੇ ਸੁਰੰਗਾਂ ਨਾਲ ਢੱਕਿਆ ਜਾ ਸਕਦਾ ਹੈ। ਇਹ ਸੁਰੰਗਾਂ ਫ਼ਸਲ ਵਾਧੇ ਲਈ ਫ਼ਾਇਦੇਮੰਦ ਹਨ। ਧੁੱਪ ਵਾਲੇ ਦਿਨਾਂ ਵਿੱਚ ਪਲਾਸਟਿਕ ਸ਼ੀਟ ਨੂੰ ਅੱਧਾ ਢੱਕ ਕੇ ਗੋਡੀ ਕੀਤੀ ਜਾ ਸਕਦੀ ਹੈ।

**ਸੁਰੰਗਾਂ ਵਿੱਚ ਸ਼ਿਮਲਾ ਮਿਰਚ ਦੀ ਕਾਸ਼ਤ** : ਸ਼ਿਮਲਾ ਮਿਰਚ ਦੀ ਪਨੀਰੀ ਅਕਤੂਬਰ ਦੇ ਪਹਿਲੇ ਪੰਦਰਵਾੜੇ ਬੀਜੋ। ਜਦੋਂ ਸ਼ਿਮਲਾ ਮਿਰਚ ਦੀ ਪਨੀਰੀ 4-5 ਹਫ਼ਤੇ ਪੁਰਾਣੀ ਹੋ ਗਈ ਅਤੇ ਪੌਦ ਖੇਤ ਵਿੱਚ ਲੱਗਣ ਲਈ ਤਿਆਰ ਹੋ ਗਈ ਤਦ ਇਸ ਨੂੰ ਪੁੱਟ ਕੇ ਬੈੱਡ ਉੱਪਰ 130×30 ਸੈਂਟੀਮੀਟਰ ਦੀ ਵਿੱਥ ਵਿੱਚ ਲਗਾ ਦਿਉ। ਦਸੰਬਰ ਦੇ ਪਹਿਲੇ ਹਫ਼ਤੇ, ਜਦੋਂ ਕੋਹਰਾ ਪੈਣ ਵਾਲਾ ਹੋਵੇ ਤਦ ਪਲਾਸਟਿਕ ਦੀਆਂ ਨੀਵੀਆਂ ਸੁਰੰਗਾਂ ਬਣਾ ਦਿਉ ਅਤੇ ਜਦੋਂ ਫਰਵਰੀ ਦੇ ਮਹੀਨੇ ਵਿੱਚ ਹਵਾ ਦਾ ਤਾਪਮਾਨ ਵੱਧ ਜਾਵੇ ਤਾਂ ਇਹਨਾਂ ਸੀਟਾਂ ਨੂੰ ਉਤਾਰ ਦਿਉ।

**ਸੁਰੰਗਾਂ ਵਿੱਚ ਖੀਰੇ ਦੀ ਕਾਸ਼ਤ** : ਕੱਦੂ ਜਾਤੀ ਦੀਆਂ ਸਬਜ਼ੀਆਂ ਜਿਵੇਂ ਕਿ ਖੀਰਾ, ਇਸ ਦੀ ਅਗੇਤੀ ਪੈਦਾਵਾਰ ਲਈ ਸੁਰੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਜਿਹਾ ਕਰਨ ਲਈ 2.5-2.5 ਮੀਟਰ ਦੀਆਂ ਚੌੜੀਆਂ ਪੱਟੀਆਂ ਬਣਾ ਲਉ ਅਤੇ ਦਸੰਬਰ ਦੇ ਮਹੀਨੇ ਵਿੱਚ ਪੱਟੜੀਆਂ ਦੇ ਦੋਨੇ ਪਾਸੇ 45 ਸੈਂਟੀਮੀਟਰ ਦੇ ਫਾਸਲੇ ਤੇ ਖੀਰੇ ਦੇ ਬੀਜ ਲਗਾਉ। ਦਸੰਬਰ ਦੇ ਪਹਿਲੇ ਹਫ਼ਤੇ, ਜਦੋਂ ਕੋਹਰਾ ਪੈਣ ਵਾਲਾ ਹੋਵੇ ਤਦ ਪਲਾਸਟਿਕ ਦੀਆਂ ਨੀਵੀਆਂ ਸੁਰੰਗਾਂ ਬਣਾ ਦਿਉ ਅਤੇ ਜਦੋਂ ਫਰਵਰੀ ਦੇ ਮਹੀਨੇ ਵਿੱਚ ਹਵਾ ਦਾ ਤਾਪਮਾਨ ਵੱਧ ਜਾਵੇ ਤਾਂ ਇਹਨਾਂ ਸੀਟਾਂ ਨੂੰ ਉਤਾਰ ਦਿਉ। ਇਸ ਤਰ੍ਹਾਂ ਕਰਨ ਨਾਲ ਠੰਢ ਦੇ ਮਹੀਨਿਆਂ ਵਿੱਚ ਵੀ ਖੀਰੇ ਦੇ ਬੀਜ ਪੁੰਗਰ ਜਾਣਗੇ।

**ਸੁਰੰਗਾਂ ਵਿੱਚ ਬੈਂਗਣ ਦੀ ਕਾਸ਼ਤ**

ਬੈਂਗਣ ਦੀ ਫ਼ਸਲ ਵੀ ਜ਼ਿਆਦਾ ਠੰਢ ਨਹੀਂ ਸਹਾਰ ਸਕਦੀ। ਸੁਰੰਗਾਂ ਵਾਲੀ ਵਿਧੀ ਨਾਲ ਬੂਟਿਆਂ ਨੂੰ ਬਚਾਇਆ ਜਾ ਸਕਦਾ ਹੈ। ਇਸ ਲਈ ਬੈਂਗਣ ਦੀ ਪਨੀਰੀ ਨੂੰ ਸਤੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਖੇਤ ਤੋਂ ਪੁੱਟ ਕੇ ਵੱਟਾਂ ਉੱਪਰ 90×30 ਸੈਂਟੀਮੀਟਰ ਦੇ ਫਾਸਲੇ ਉਪਰ ਲਗਾਉ। (ਕਤਾਰ ਤੋਂ ਕਤਾਰ 90 ਸੈਂਟੀਮੀਟਰ, ਬੂਟੇ ਤੋਂ ਬੂਟਾ 30 ਸੈਂਟੀਮੀਟਰ) ਦਸੰਬਰ ਦੇ ਪਹਿਲੇ ਹਫ਼ਤੇ ਬੂਟਿਆਂ ਨੂੰ ਸੁਰੰਗਾਂ ਹੇਠ ਢੱਕ ਦਿਉ ਅਤੇ ਫਰਵਰੀ ਵਿੱਚ ਪਲਾਸਟਿਕ ਸ਼ੀਟ ਨੂੰ ਚੁੱਕ ਦਿਉ। ਇਸ ਤਰ੍ਹਾਂ ਬੈਂਗਣ ਦੀ ਫ਼ਸਲ ਅਗੇਤੀ (ਮਾਰਚ-ਅਪ੍ਰੈਲ) ਵਿੱਚ ਵਧੀਆ ਝਾੜ ਨਾਲ ਪੈਦਾ ਕੀਤੀ ਜਾ ਸਕਦੀ ਹੈ।

**ਧਿਆਨ ਰੱਖਣ ਯੋਗ ਗੱਲਾਂ**

ਇਹ ਸੁਰੰਗਾਂ ਫ਼ਸਲ ਦੇ ਵਾਧੇ ਲਈ ਫਾਇਦੇਮੰਦ ਹੈ ਪਰ ਫ਼ਸਲ ਦੇ ਨਾਲ-ਨਾਲ ਨਦੀਨ ਵੀ ਵੱਧਦੇ ਹਨ। ਇਸ ਲਈ ਧੁੱਪ ਵਾਲੇ ਦਿਨ ਪਲਾਸਟਿਕ ਸ਼ੀਟ ਨੂੰ ਅੱਧਾ ਚੁੱਕ ਕੇ ਗੋਡੀ ਕੀਤੀ ਜਾ ਸਕਦੀ ਹੈ। ਸੁਰੰਗਾਂ ਵਿੱਚ ਬੂਟਿਆਂ ਨੂੰ ਸੁਰੱਖਿਅਤ ਵਾਤਾਵਰਨ ਮਿਲਦਾ ਹੈ, ਇਸ ਲਈ ਬੂਟੇ ਕੂਲੇ ਹੁੰਦੇ ਹਨ। ਕੀੜੇ-ਮਕੌੜਿਆਂ ਖਾਸ ਤੌਰ ਤੇ ਰਸ ਚੂਸਣ ਵਾਲੇ ਕੀੜਿਆਂ ਤੋਂ ਸਬਜ਼ੀਆਂ ਨੂੰ ਬਚਾਉਣ ਲਈ ਨੀਵੀਆਂ ਸੁਰੰਗਾਂ ਵਿੱਚ ਆਪਣਾ ਸਮੇਂ-ਸਮੇਂ ਤੇ ਧਿਆਨ ਰੱਖੋ। ਜੇ ਸੁਰੰਗਾਂ ਨੂੰ ਇੱਕ ਦਮ ਹਟਾ ਦਈਏ ਤਾਂ ਬੂਟਿਆਂ ਤੇ ਅਸਰ ਪੈ ਸਕਦਾ ਹੈ, ਇਸ ਲਈ ਸੁਰੰਗਾਂ ਨੂੰ ਪੂਰਾ ਲਾਹੁਣ ਤੋਂ ਪਹਿਲਾਂ ਕੁੱਝ ਦਿਨ ਅੱਧਾ ਹਟਾ ਦਿਉ।

# ਹਾੜ੍ਹੀ ਦੀਆਂ ਫ਼ਸਲਾਂ ਨੂੰ ਜੀਵਾਣੂੰ ਖਾਦ ਲਗਾਓ ਮਿੱਟੀ ਦੀ ਗੁਣਵੱਤਾ ਨਾਲ ਵਧੇਰੇ ਝਾੜ ਪਾਓ

ਸੁਮਨ ਕੁਮਾਰੀ ਅਤੇ ਸੀਮਾ ਗਰਚਾ, ਮਾਈਕ੍ਰੋਬਾਇਓਲੌਜੀ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 98142-49721)

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ 21 ਫ਼ਸਲਾਂ ਲਈ ਜੀਵਾਣੂੰ ਖਾਦ ਜਾਂ ਟੀਕੇ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਹ ਜੀਵਾਣੂੰ ਖਾਦਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਇੱਕ ਨੰਬਰ ਗੇਟ ਤੇ ਬੀਜਾਂ ਦੀ ਦੁਕਾਨ ਤੋਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ, ਫਾਰਮ ਸਲਾਹਕਾਰ ਕੇਂਦਰ ਜਾਂ ਖੇਤਰੀ ਖੋਜ ਕੇਂਦਰਾਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਸਮੇਂ ਦੀਆਂ ਹਾੜ੍ਹੀ ਦੀਆਂ ਫ਼ਸਲਾਂ ਲਈ ਉਪਲਬੱਧ ਜੀਵਾਣੂ ਖਾਦ**

| ਫ਼ਸਲ | ਜੀਵਾਣੂੰ ਖਾਦ | ਮਾਤਰਾ/ਏਕੜ | ਵਰਤੋਂ ਦਾ ਢੰਗ | ਖਰਚਾ (ਰੁਪਏ/ਏਕੜ) | ਝਾੜ ਵਿੱਚ ਵਾਧਾ (%) |
|---|---|---|---|---|---|
| **ਅਨਾਜ** | | | | | |
| ਕਣਕ | ਕੰਨਸੋਰਸ਼ੀਅਮ ਜੀਵਾਣੂੰ ਖਾਦ | 500 ਗ੍ਰਾਮ | ਬੀਜ ਨੂੰ ਲਾਓ | 50 | 1-1.5 |
| ਸਬਜ਼ੀਆਂ/ ਮਸਾਲਾ ਆਲੂ | ਕੰਨਸੋਰਸ਼ੀਅਮ ਜੀਵਾਣੂੰ ਖਾਦ | 4 ਕਿਲੋ | ਮਿੱਟੀ ਵਿੱਚ ਮਿਲਾਓ | 300 | 4-5 |
| ਪਿਆਜ | ਕੰਨਸੋਰਸ਼ੀਅਮ ਜੀਵਾਣੂੰ ਖਾਦ | 4 ਕਿਲੋ | ਮਿੱਟੀ ਵਿੱਚ ਮਿਲਾਓ | 300 | 2-3 |
| **ਫਲੀਦਾਰ ਫ਼ਸਲਾਂ** | | | | | |
| ਛੋਲੇ | ਰਾਈਜ਼ੋਬੀਅਮ ਅਤੇ ਪੀ. ਜੀ. ਪੀ. ਆਰ | 500 ਗ੍ਰਾਮ | ਬੀਜ ਨੂੰ ਲਾਓ | 50 | 7-13 |
| ਮਸਰ | ਰਾਈਜ਼ੋਬੀਅਮ ਅਤੇ ਪੀ. ਜੀ. ਪੀ. ਆਰ | 500 ਗ੍ਰਾਮ | ਬੀਜ ਨੂੰ ਲਾਓ | 50 | 10-11 |
| ਮਟਰ | ਰਾਈਜ਼ੋਬੀਅਮ | 500 ਗ੍ਰਾਮ | ਬੀਜ ਨੂੰ ਲਾਓ | 40 | 8-10 |
| **ਤੇਲ ਬੀਜ ਫ਼ਸਲਾਂ** | | | | | |
| ਸਰ੍ਹੋਂ | ਸੂਡੋਮੋਨਾਸ ਪੁਟੀਡਾ | 250 ਗ੍ਰਾਮ | ਬੀਜ ਨੂੰ ਲਾਓ | 40 | 5-11.7 |
| ਗੋਭੀ ਸਰ੍ਹੋਂ | ਬੇਸਿਲਸ | 250 ਗ੍ਰਾਮ | ਬੀਜ ਨੂੰ ਲਾਓ | 40 | 5-7 |
| ਸੂਰਜਮੁਖੀ | ਬੇਸਿਲਸ ਐਰੀਅਸ ਅਤੇ ਸੂਡੋਮੋਨਾਸ ਪੁਟੀਡਾ | 250 ਗ੍ਰਾਮ | ਬੀਜ ਨੂੰ ਲਾਓ | 40 | 5-7 |
| **ਚਾਰੇ ਦੀਆਂ ਫ਼ਸਲਾਂ** | | | | | |
| ਬਰਸੀਮ | ਰਾਈਜ਼ੋਬੀਅਮ | 250 ਗ੍ਰਾਮ | ਬੀਜ ਨੂੰ ਲਾਓ | 40 | 8-10 |

**ਜੀਵਾਣੂੰ ਖਾਦ ਵਰਤਣ ਲਈ ਜ਼ਰੂਰੀ ਨੁਕਤੇ** : ਜੀਵਾਣੂੰ ਖਾਦ ਦੇ ਪੈਕਟ ਨੂੰ ਸਿੱਧੀ ਧੁੱਪ ਤੋਂ ਦੂਰ ਠੰਡੀ ਛਾਂ ਵਾਲੀ ਥਾਂ ਰੱਖਣਾ ਚਾਹੀਦਾ ਹੈ। ਜੀਵਾਣੂੰ ਖਾਦ ਨੂੰ ਪੈਕੇਟ ਤੇ ਦਰਸਾਏ ਮਿਆਦ ਤੋਂ ਪਹਿਲਾਂ ਹੀ ਵਰਤਣਾ ਚਾਹੀਦਾ ਅਤੇ ਇਹਨਾਂ ਖਾਦਾਂ ਨੂੰ ਰਸਾਇਣਕ ਖਾਦਾਂ ਨਾਲ ਰਲਾ ਕੇ ਨਹੀਂ ਵਰਤਣਾ ਚਾਹੀਦਾ।

ਵਧੇਰੇ ਜਾਣਕਾਰੀ ਲਈ ਮੁੱਖੀ, ਮਾਈਕ੍ਰੋਬਾਇਓਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ 0161-2401960 ਐਕਸਟੇਂਸ਼ਨ 330 ਤੇ ਸੰਪਰਕ ਕਰੋ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ
ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ
ਨਵੀਨਤਮ ਜਾਣਕਾਰੀ ਪਾਓ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ 400 ਰੁਪਏ
ਦੋ ਸਾਲ 700 ਰੁਪਏ
KHETI DUNIYAN
TID - 62763351
ਚੰਦਾ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

# ਸੱਭਿਆਚਾਰ ਵਿੱਚ ਕਹੀ ਦਾ ਸੰਕਲਪ

ਪੁਰਾਤਨ ਕਿਸਾਨੀ ਤੇ ਇਮਾਰਤੀ ਸੱਭਿਆਚਾਰ ਦੀ ਮੁੱਢਲੀ ਸੰਦ ਖੋਜ ਦੀ ਦੇਣ ਹੈ ਕਹੀ। ਕਹੀ ਜੋ ਉੱਚੀਆਂ-ਨੀਵੀਆਂ ਇਮਾਰਤਾਂ ਦੀ ਹੋਂਦ ਪੈਦਾ ਕਰਦੀ ਹੈ। ਕਹੀ ਭਵਿੱਖ ਦੇ ਸੁਪਨੇ ਸਾਕਾਰ ਕਰਦੀ ਹੈ। ਕਿਸੇ ਵੀ ਸ਼੍ਰੇਣੀ ਦਾ ਮਜ਼ਦੂਰ ਕਹੀ ਤੋਂ ਬਿਨ੍ਹਾਂ ਅਧੂਰਾ ਹੈ। ਕਹੀ ਮਜ਼ਦੂਰ ਦੀ ਰੋਟੀ ਹੈ। ਪੁਰਾਤਨ ਸਮਿਆਂ ਦੇ ਖੂਹਾਂ ਦੀ ਜਨਮ ਦਾਤੀ ਹੈ। ਕਹੀ ਕਿਸਾਨਾਂ ਦੀ ਜ਼ਿੰਦ ਜਾਨ ਹੈ। ਕਹੀ ਜੋ ਮਿੱਟੀ ਨੂੰ ਸੋਨਾ ਬਣਾ ਦੇਵੇ। ਫ਼ਸਲਾਂ ਦੀ ਦਾਈ ਹੈ।

ਪੁਰਾਤਨ ਸਮੇਂ ਵਿੱਚ ਹੀ ਨਹੀਂ ਅੱਜ ਵੀ ਮਜ਼ਦੂਰੀ ਦੇ ਖੇਤਰ ਵਿੱਚ ਕਹੀ ਦੀ ਓਨੀ ਹੀ ਮਹੱਤਤਾ ਹੈ। ਭਾਵੇਂ ਆਧੁਨਿਕ ਖੋਜਾਂ ਨੇ ਕਹੀ ਦੇ



ਅਨੇਕਾਂ ਹੀ ਰੂਪ ਬਣਾ ਦਿੱਤੇ ਹਨ। ਕਹੀ ਦੀ ਸ਼ਕਲ, ਬਣਾਵਟ ਅਤੇ ਕਰਮਸ਼ੀਲਤਾ ਨੂੰ ਮੱਦੇਨਜ਼ਰ ਰੱਖ ਕੇ ਹੀ ਮਿਹਨਤ ਦੇ ਹਰ ਖੇਤਰ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਕਹੀ ਦਾ ਇਸਤੇਮਾਲ ਕੀਤਾ ਜਾਂਦਾ ਹੈ, ਬਿਲਕੁਲ ਛੋਟੇ ਰੂਪ ਵਿੱਚ, ਦਰਮਿਆਨੇ ਰੂਪ ਵਿੱਚ ਜਾਂ ਵੱਡੇ ਰੂਪ ਵਿੱਚ। ਛੋਟੇ ਤੋਂ ਛੋਟੇ ਰੂਪ ਵਿੱਚ ਡਾਕਟਰੀ ਅਤੇ ਵਿਗਿਆਨ ਖੇਤਰ ਵਿੱਚ ਵਰਤੇ ਜਾਂਦੇ ਹਨ ਬਹੁਤ ਸਾਰੇ ਔਜਾਰ ਕਹੀ ਦੇ ਬਦਲਵੇਂ ਰੂਪ ਵਿੱਚ। ਵੱਡੇ ਤੋਂ ਵੱਡੇ ਆਕਾਰ ਵਿੱਚ ਕਹੀ ਨੇ ਰੂਪ ਲਿਆ ਜਿਸ ਤਰ੍ਹਾਂ ਜੇ ਸੀ ਬੀ (ਮਿੱਟੀ ਪੁੱਟਣ ਵਾਲੀ ਮਸ਼ੀਨ)। ਇਹ ਵੀ ਇੱਕ ਕਹੀ ਦਾ ਵੱਡਾ ਰੂਪ ਹੈ ਜਿਸ ਨੇ ਆਧੁਨਿਕਤਾ ਵਿੱਚ ਢਲ ਕੇ ਮਸ਼ੀਨ ਦਾ ਰੂਪ ਲੈ ਲਿਆ।

ਇੱਥੋਂ ਤੱਕ ਕਿ ਇਲੈਕਟ੍ਰਿਕ-ਵਿਗਿਆਨ ਰਿਮੋਟ ਸਿਸਟਮ ਰਾਹੀਂ ਜਾਂ ਚੰਨ 'ਤੇ ਪਹੁੰਚੇ ਆਰਮਸਟਰਾਂਕ (ਅਮਰੀਕੀ ਪਲਾਟ ਅੰਤਰਿਕਸ਼ ਯਾਤਰੂ) ਨੇ ਵੀ ਰਿਮੋਟ ਕਹੀ ਨਾਲ ਮਿੱਟੀ ਪੁੱਟ ਕੇ ਲਿਆਂਦੀ। ਵੱਡੇ-ਵੱਡੇ ਪ੍ਰਸਿੱਧ ਧਾਰਮਿਕ ਸਥਾਨਾਂ ਦੀ ਉਸਾਰੀ ਸਮੇਂ ਪ੍ਰਸਿੱਧ ਸੰਤ, ਮਹਾਤਮਾਵਾਂ, ਰਿਸ਼ੀਆਂ, ਮੁਨੀਆਂ, ਵਿਦਵਾਨਾਂ ਆਦਿ ਨੇ ਪਹਿਲਾਂ ਟੱਕ ਕਹੀ ਦੇ ਨਾਲ ਹੀ ਲਗਾਇਆ। ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਅੰਮ੍ਰਿਤਸਰ (ਪੰਜਾਬ) ਦਾ ਨੀਂਹ ਪੱਥਰ ਦਾ ਮੰਗਲਾਚਰਣ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਈਂ ਮੀਆਂ ਮੀਰ ਤੋਂ ਪਹਿਲਾ ਕਹੀ ਦਾ ਟੱਕ ਲੱਗਵਾ ਕੇ ਧਰਤੀ ਦੇ ਪਵਿੱਤਰ ਵਿਹੜੇ ਵਿੱਚੋਂ ਮਿੱਟੀ ਪਰਸ਼ਾਦ ਦੇ ਰੂਪ ਵਿੱਚ ਪੁੱਟੀ। ਜਿਸਦੀ ਪਰੰਪਰਾਵਾਦੀ ਧਾਰਮਿਕ ਮਹਾਨਤਾ ਅੱਜ ਵੀ ਬਰਕਰਾਰ ਹੈ। ਹੋਰ ਦੁਨੀਆਂ ਦੇ ਵੱਡੇ, ਛੋਟੇ ਅਤੇ ਉੱਚੇ ਸਥਾਨਾਂ ਵਿੱਚ ਵੀ ਮੁੱਢਲਾ ਮੰਗਲਾਚਰਣ ਕਹੀ ਦੁਆਰਾ ਹੀ ਕੀਤਾ ਜਾਂਦਾ ਹੈ।

ਕੁੱਝ ਧਰਮਾਂ (ਸ਼੍ਰੇਣੀ) ਵਿੱਚ ਆਦਮੀ ਦੀ ਮੌਤ ਤੋਂ ਬਾਅਦ ਕਹੀ ਦੁਆਰਾ ਹੀ ਆਦਮਕੱਦ ਟੋਇਆ ਪੁੱਟਿਆ ਜਾਂਦਾ ਹੈ ਜਿਸ ਵਿੱਚ ਆਦਮੀ ਨੂੰ ਕਬਰ ਦਾ ਰੂਪ ਜਾਂ ਸਪੂਰਦੇ



ਬਲਵਿੰਦਰ 'ਬਾਲਮ', ਉਂਕਾਰ ਨਗਰ, ਗੁਰਦਾਸਪੁਰ ਮੋ. 98156-25409

ਪਾਕਿ ਕੀਤਾ ਜਾਂਦਾ ਹੈ। ਕਹੀ ਨੂੰ ਹਰ ਚੰਗੇ ਮਾੜੇ ਕਰਮ ਲਈ ਵਰਤਿਆ ਜਾਂਦਾ ਹੈ।

ਜ਼ਿਆਦਾ ਤੌਰ 'ਤੇ ਕਹੀ ਦੀ ਵਰਤੋਂ ਕਿਸਾਨ ਵੱਲੋਂ ਕੀਤੀ ਜਾਂਦੀ ਹੈ। ਕਈ-ਕਈ ਘੰਟੇ ਖੇਤਾਂ ਵਿੱਚ ਕਹੀ ਚਲਾਉਣਾ ਕੋਈ ਖਾਲਾ ਜੀ ਦਾ ਵਾੜ੍ਹਾ ਨਹੀਂ ਹੈ। ਇੱਕ ਬਜ਼ੁਰਗ ਕਿਸਾਨ ਨੇ ਦੱਸਿਆ ਕਿ ਉਹ ਆਪਣੇ ਸਮੇਂ ਵਿੱਚ ਸਵੇਰੇ ਪੰਜ ਵਜੇ ਉੱਠ ਕੇ ਖੂਹ ਪੁੱਟਣਾ ਸ਼ੁਰੂ ਕਰਦੇ ਸੀ। ਕਹੀਆਂ ਨਾਲ ਤੇ ਦੁਪਹਿਰ 12 ਵਜੇ ਦੇ ਕਰੀਬ ਖੂਹ ਪੁੱਟ ਕੇ ਔਹ ਮਾਰਦੇ ਸੀ। ਕਹੀ ਚਲਾਉਣ ਲਈ ਸਰੀਰਕ ਬਲ-ਸ਼ਕਤੀ ਦੀ ਜ਼ਰੂਰਤ ਹੁੰਦੀ ਹੈ। ਆਮ ਸਧਾਰਣ ਆਦਮੀ ਕਹੀ ਨਹੀਂ ਚਲਾ ਸਕਦਾ ਹੈ। ਹੁਣ ਵੀ ਕਿਸਾਨ ਲਈ ਨੱਕੇ ਮੋੜਨਾ, ਵਿਕਸਤ ਛੋਟੀ ਕਹੀ ਨਾਲ ਗੋਡੀ ਕਰਨਾ ਜਾਂ ਝੋਨੇ ਦੀ ਨਵੀਂ ਅਮਰੀਕੀ ਖੋਜ ਐਸ ਆਈ ਆਰ ਦੀ ਹੱਥ ਵਾਲੀ ਮਸ਼ੀਨ ਕਲਵੀਨੇਟਰ ਆਦਿ ਨਾਲ ਝੋਨੇ ਦੀ ਫ਼ਸਲ ਵਿੱਚੋਂ ਘਾਹ ਦੀ ਗੋਡੀ ਕਰਨਾ, ਕਹੀ ਨਾਲ ਵੱਟਾਂ ਬਣਾਉਣਾ ਕੋਈ ਸੌਖਾ ਕੰਮ ਨਹੀਂ ਹੈ।

ਕੋਈ ਲੰਬਾ-ਝੰਬਾ ਗੱਭਰੂ ਜਦ ਭਾਰੀ ਕਹੀ ਖੇਤਾਂ ਵਿੱਚ ਚਲਾਉਂਦਾ ਹੈ ਤਾਂ ਧਰਤੀ ਦੀ ਮਿੱਟੀ ਚੋਪੀਆਂ ਵਿੱਚ ਪੈਲਾਂ ਪਾਉਂਦੀ ਜਾਂਦੀ ਹੈ। ਮਜ਼ਬੂਤ ਲੰਬੇ ਚੌੜੇ ਹੱਥ, ਡੌਲਿਆਂ ਵਿਚ ਫਰਕਦੀ ਬਿਜਲੀ, ਸੀਨੇ ਵਿੱਚ ਪਰਬਤ ਜਿੰਨੀ ਤਾਕਤ, ਤੰਦਰੁਸਤ ਪੱਟਾਂ ਦਾ ਸੰਤੁਲਿਨ ਕਹੀ ਲਈ ਵਰਦਾਨ ਸਿੱਧ ਹੁੰਦਾ ਹੈ।

ਅੱਜ ਕੱਲ ਤਾਂ ਕਿਸਾਨ-ਮਜ਼ਦੂਰ ਔਰਤਾਂ ਵੀ ਲੱਕ ਤੋੜਵੀਂ ਕਹੀ ਚਲਾ ਲੈਂਦੀਆਂ ਹਨ ਭਾਵੇਂ ਕਹੀ ਦੀ ਥਾਂ ਆਧੁਨਿਕ ਮਸ਼ੀਨੀ ਯੰਤਰਾਂ ਨੇ ਲੈ ਲਈ ਹੈ ਪਰ ਕਹੀ ਤੋਂ ਬਗੈਰ ਕਿਸਾਨ ਦਾ ਗੁਜ਼ਾਰਾ ਹੀ ਨਹੀਂ। ਜਿਸ ਤਰ੍ਹਾਂ ਕਿਸਾਨ ਆਪਣੇ ਡੰਗਰਾਂ-ਪਸ਼ੂਆਂ ਨੂੰ ਧੀਆਂ-ਪੁੱਤਰਾਂ ਵਾਂਗ ਰੱਖਦਾ ਹੈ, ਇਸੇ ਤਰ੍ਹਾਂ ਹੀ ਉਹ ਆਪਣੇ ਸੰਦਾਂ ਨੂੰ ਵੀ ਪਿਆਰ ਕਰਦਾ ਹੈ।

ਭਾਈ ਸਾਹਿਬ, ਮੋਢੇ 'ਤੇ ਕਹੀ ਹੋਵੇ, ਖੇਤਾਂ ਦੀਆਂ ਵੱਟਾਂ ਵਿੱਚ ਫਰਲ-ਫਰਲ ਪਾਣੀ ਚੱਲ ਰਿਹਾ ਹੋਵੇ, ਗੱਭਰੂ ਕਿਸਾਨ ਨੱਕੇ ਮੋੜ ਰਿਹਾ ਹੋਵੇ ਤੇ ਲੰਬੀ ਹੇਕ ਵਿੱਚ ਹੂਕ ਛੱਡਦਾ ਹੋਇਆ ਮਿਰਜ਼ਾ ਸਾਹਿਬਾਂ, ਹੀਰ ਰਾਂਝਾ ਜਾਂ ਸੀਰੀ ਫਰਿਹਾਦ ਦੀਆਂ ਕਵਿਤਾਵਾਂ ਗੁਣਗੁਣਾਉਂਦਾ ਹੋਵੇ ਤਾਂ ਫਿਜ਼ਾ ਵਿੱਚ ਪੰਜਾਬੀ ਸਭਿਆਚਾਰ ਦੀ ਖ਼ੁਸ਼ਬੂ ਸਵਰਗ ਜਿਹਾ ਆਨੰਦ ਲਿਆ ਦਿੰਦੀ ਹੈ।

ਭਾਵੇਂ ਅਜਕੱਲ ਕਿਸਾਨ ਦੇ ਕੰਨ 'ਤੇ ਮੋਬਾਇਲ ਅਤੇ ਮੋਢੇ 'ਤੇ ਕਹੀ ਹੁੰਦੀ ਹੈ। ਕਿਸਾਨ ਦੇ ਪੈਰ ਆਪਣੀ ਪੈਲੀ ਵਿੱਚ ਅਤੇ ਮੋਬਾਇਲ ਫ਼ੋਨ ਦੀ ਘੰਟੀ ਹਜ਼ਾਰਾਂ ਮੀਲ ਦੂਰ ਕਨੇਡਾ, ਅਮਰੀਕ ਜਾਂ ਇੰਗਲੈਂਡ ਆਦਿ ਵਿਦੇਸ਼ ਤੋਂ ਆ ਰਹੀ ਹੋਵੇ ਪਰ ਕਹੀ ਨਾਲ ਇਸਦੀ ਮਹਾਨਤਾ ਹੋਰ ਵਧੀ ਹੈ।

ਪੰਜਾਬ ਦੇ ਬਹੁਤੇ ਕਿਸਾਨ ਅੰਮ੍ਰਿਤਧਾਰੀ ਗੁਰਸਿੱਖ ਹਨ। ਜੇ ਕਿਤੇ ਤੜਕੇ-ਤੜਕੇ, ਸੂਰਜ ਦੀ ਫੁੱਟਦੀ ਟਿੱਕੀ ਤੋਂ ਪਹਿਲਾਂ ਕਿਸਾਨ ਖੇਤਾਂ ਵਿੱਚ ਪਾਣੀ ਲਗਾ ਰਿਹਾ ਹੋਵੇ ਅਤੇ ਮੋਬਾਇਲ 'ਤੇ ਸ੍ਰੀ ਹਰਿਮੰਦਿਰ ਸਾਹਿਬ ਦਾ ਗੁਰਬਾਣੀ-ਕੀਰਤਨ ਸੁਣ ਰਿਹਾ ਹੋਵੇ ਤਾਂ ਫਿਰ ਗੁਰੂ ਦਾ ਆਸ਼ੀਰਵਾਦ ਉਸਦੇ ਅੰਗ-ਸੰਗ ਹੁੰਦਾ ਹੋਇਆ ਬਰਕਤਾਂ ਵਿੱਚ ਰਹਿਮਤਾਂ ਹੁੰਦੀਆਂ ਜਾਂਦੀਆਂ ਹਨ।

ਕਿਸਾਨ ਜਦ ਖੇਤਾਂ ਵਿੱਚ ਕਹੀ ਮੋਢੇ 'ਤੇ ਰੱਖ ਕੇ ਸ਼ਾਮ ਨੂੰ ਜ਼ੁਬਾਨੀ ਰਹਿਰਾਸ ਸਾਹਿਬ ਪਾਠ ਨਾਲੋਂ-ਨਾਲ ਕਰਦਾ ਜਾਂਦਾ ਹੈ ਤਾਂ ਉਸਦੀ ਕਰਮਸ਼ੀਲਤਾ ਤੇ ਜੀਵਨ ਵਿੱਚ ਸ਼ੁੱਧਤਾ ਅਤੇ ਵਾਹਿਗੁਰੂ ਦੀ ਆਪਾਰ ਕਿਰਪਾ ਹੁੰਦੀ ਚਲੀ ਜਾਂਦੀ ਹੈ ਫਿਰ ਉਸਦੀ ਫ਼ਸਲ ਸੋਨਾ ਉਗਲਦੀ ਹੈ। ਕਹੀ ਦੇ ਟੱਪ ਨਾਲ ਵਾਹਿਗੁਰੂ-ਸਤਿਨਾਮ ਨਾਲੋਂ-ਨਾਲ ਜਪਣਾ ਕਿਸੇ ਤਪਸਵੀ, ਸੰਤ, ਭਗਤ, ਸਾਥ ਸੰਤ ਦੀ ਮਾਲਾ ਜੱਪਣ ਨਾਲੋਂ ਘੱਟ ਨਹੀਂ। ਬਾਬੇ ਨਾਨਕ ਦੀ ਬਾਣੀ ਗੂੰਜਦੀ ਹੈ ਧਰਤ ਹਰਿਆਵਲ ਭਰਪੂਰ ਚਲੀ ਜਾਂਦੀ ਹੈ।

ਕਹੀ, ਕਿਸਾਨ ਅਤੇ ਮਜ਼ਦੂਰ ਦਾ ਪਰਸਪਰ ਰਿਸ਼ਤਾ ਕਰਮਸ਼ੀਲਤਾ ਦੇ ਆਸ਼ੀਰਵਾਦ ਹੇਠ ਪਿਓ-ਪੁੱਤਰ ਵਰਗਾ ਹੈ। ਯੁੱਗਾਂ-ਯੁਗਾਂਤਰਾਂ ਤੱਕ, ਜਦ ਤੱਕ ਧਰਤੀ ਰਹੇਗੀ ਕਹੀ ਦੀ ਹੋਂਦ ਕਿਸੇ ਨਾ ਕਿਸੇ ਰੂਪ ਵਿੱਚ ਬਰਕਰਾਰ ਰਹੇਗੀ।

ਕਹੀ ਦੀ ਸਰਪਰਸਤੀ ਪੰਜਾਬੀ ਸਮੂਹ ਕਿਸਾਨਾਂ ਦੇ ਹਿੱਸੇ ਆਈ ਹੈ।

ਕਹੀ ਪੜ੍ਹੇ-ਲਿਖੇ ਜਾਂ ਅਨਪੜ੍ਹ ਕਿਸੇ ਵੀ ਕਿਸਮ ਦੇ ਮਜ਼ਦੂਰਾਂ ਲਈ ਅੰਨਦਾਤਾ ਹੈ। ਰੁਪਏ-ਪੈਸੇ ਦੀ ਨੀਂਹ ਕਹੀ ਦੇ ਸਿਰ 'ਤੇ ਹੀ ਬਰਕਰਾਰ ਹੈ। ਅਗਰ ਮਜ਼ਦੂਰਾਂ ਦੀ ਕਹੀ ਨਾ ਚਲੇ ਤਾਂ ਪੈਸੇ ਦੀ ਕੀਮਤ ਕੁਝ ਵੀ ਨਾ ਰਹੇ। ਜਿਨ੍ਹਾਂ ਵਿਕਸਤ ਦੇਸ਼ਾਂ ਨੇ ਤਰੱਕੀ ਦੀਆਂ ਮੰਜ਼ਿਲਾਂ ਮਾਰੀਆਂ ਹਨ। ਉਨ੍ਹਾਂ ਨੇ ਮਜ਼ਦੂਰਾਂ ਦੀ ਕਹੀ ਨੂੰ ਅਨੁਸ਼ਾਸਨ, ਪਾਰਦਰਸ਼ੀ ਮਾਹੌਲ, ਰਿਸ਼ਵਤ ਰਹਿਤ ਮਾਹੌਲ, ਭਰਿਸ਼ਟਾਚਾਰ ਰਹਿਤ ਮਾਹੌਲ ਦੇ ਕੇ ਚੰਨ ਤੱਕ ਅਤੇ ਸਮੁੰਦਰ ਦੀ ਤਹਿ ਤੱਕ ਮੱਲਾਂ ਮਾਰੀਆਂ ਹਨ। ਕਹੀ ਨਾਲ ਜੋ ਸਰਕਾਰਾਂ ਬੇਈਮਾਨੀ ਕਰਦੀਆਂ ਹਨ ਉਹ ਕਦੀ ਵਿਕਸਤ ਨਹੀਂ ਹੁੰਦੀਆਂ, ਹਮੇਸ਼ਾਂ ਢਹਿੰਦੀਆਂ ਕਲਾ ਵਿੱਚ ਜਾਣਗੀਆਂ। ਦੋਸਤੋ ਅਗਰ ਖ਼ੁਦ ਨੂੰ ਵਿਕਸਤ ਕਰਨਾ ਹੈ ਤਾਂ ਕਹੀ ਵਰਗੀਆਂ ਆਦਤਾਂ ਆਪੇ ਵਿੱਚ ਢਾਲੋ। ਖ਼ੁਦ ਕਰਮਠ ਹੋ ਕੇ ਸੋਨਾ ਪੈਦਾ ਕਰਦੀ ਹੈ ਕਹੀ। ਨੌਜਵਾਨ ਪੀੜੀ ਨੂੰ ਕਹੀ ਤੋਂ ਸਬਕ ਲੈਣਾ ਚਾਹੀਦਾ ਹੈ। ਕਹੀ ਵਾਂਗ ਚੱਲ ਕੇ ਮਿਹਨਤ ਕਰੋ ਫਿਰ ਸਫ਼ਲਤਾ ਪੈਰ ਚੁੰਮੇਗੀ। ਕਹੀ ਪਿੱਛੇ ਮਿਹਨਤ, ਸ਼ਕਤੀ, ਸੰਕਲਪ ਹੋਵੇ ਤਾਂ ਜ਼ਿੰਦਗੀ ਦੇ ਕੀ ਕਹਿਣੇ। ਜ਼ਿੰਦਗੀ ਦੇ ਹਰ ਖੇਤਰ ਵਿੱਚ ਖੁਸ਼ੀਆਂ ਹੀ ਖੁਸ਼ੀਆਂ, ਖੇੜੇ ਹੀ ਖੇੜੇ ਪਰਮਾਤਮਾ ਦੀ ਫੁੱਲ ਕਿਰਪਾ ਹੋਵੇਗੀ। ਤਰੱਕੀਆਂ ਹੀ ਤਰੱਕੀਆਂ ਹੋਣਗੀਆਂ।

# ਵੀਟਗ੍ਰਾਸ ਜੂਸ ਪੀਓ ਤੰਦਰੁਸਤ ਜੀਵਨ ਜੀਓ



ਵੀਟਗ੍ਰਾਸ (Wheatgrass) ਕਣਕ ਦੇ ਨਰਮ ਤੇ ਹਰੇ ਪੱਤਿਆਂ ਤੋਂ ਤਿਆਰ ਹੋਣ ਵਾਲਾ ਇੱਕ ਸੁਪਰਫੂਡ ਹੈ। ਇਸ ਵਿੱਚ ਕਲੋਰੋਫਿਲ, ਵਿਟਾਮਿਨ, ਖਣਿਜ ਤੇ ਐਨਜ਼ਾਈਮ ਵਰਗੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਤੱਤ ਸਰੀਰ ਨੂੰ ਤੰਦਰੁਸਤ, ਤਾਜ਼ਗੀ ਭਰਪੂਰ ਤੇ ਰੋਗ-ਰਹਿਤ ਰੱਖਣ ਵਿੱਚ ਮੱਦਦ ਕਰਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਭੋਜਨ ਅਤੇ ਪੋਸ਼ਣ ਵਿਭਾਗ ਦੀਆਂ ਖੋਜਾਂ ਅਨੁਸਾਰ ਵਿਭਿੰਨ ਅਨਾਜਾਂ (ਕਣਕ, ਚੌਲ ਤੇ ਜੌਂ) ਦੇ ਘਾਹਾਂ ਵਿੱਚੋਂ ਕਣਕ ਦਾ ਘਾਹ (ਵੀਟਗ੍ਰਾਸ) ਸਭ ਤੋਂ ਵੱਧ ਐਂਟੀਓਕਸੀਡੈਂਟ ਸਮਰੱਥਾ ਵਾਲਾ ਪਾਇਆ ਗਿਆ ਹੈ। ਵੀਟਗ੍ਰਾਸ ਦਾ ਸੁਕਾਇਆ ਹੋਇਆ ਪਾਊਡਰ ਛੇ ਮਹੀਨਿਆਂ ਤੱਕ ਸੰਭਾਲਿਆ ਜਾ ਸਕਦਾ ਹੈ ਅਤੇ ਇਸ ਤੋਂ ਬਣਿਆ ਜੂਸ ਪੋਸ਼ਣਕਾਰੀ ਦ੍ਰਿਸ਼ਟੀ ਤੋਂ ਤਾਜ਼ੇ ਜੂਸ ਦੇ ਸਮਾਨ ਹੈ।

**ਵੀਟਗ੍ਰਾਸ ਉਗਾਉਣ ਦੀ ਵਿਧੀ :**

**1. ਬੀਜ ਦੀ ਚੋਣ** : ਸਾਫ਼ ਤੇ ਰੋਗ-ਰਹਿਤ ਕਣਕ ਦੇ ਬੀਜ ਚੁਣੋ। ਕਣਕ ਨੂੰ 8 ਤੋਂ 10 ਘੰਟੇ ਪਾਣੀ ਵਿੱਚ ਭਿਉਂਕੇ ਰਾਤ ਭਰ ਰੱਖੋ। ਭਿੱਜੇ ਬੀਜਾਂ ਨੂੰ ਛਾਣ ਕੇ 24 ਘੰਟੇ ਲਈ ਗਿੱਲੇ ਕੱਪੜੇ ਵਿੱਚ ਬੰਨ੍ਹ ਦਿਓ ਤਾਂ ਕਿ ਅੰਕੁਰ ਨਿਕਲ ਜਾਣ।

**2. ਬਿਜਾਈ** : ਅੰਕੁਰਿਤ ਬੀਜਾਂ ਨੂੰ ਕਿਸੇ ਟ੍ਰੇਅ ਜਾਂ ਗਮਲੇ ਵਿੱਚ 1 ਤੋਂ 2 ਇੰਚ ਮਿੱਟੀ ਦੀ ਪਰਤ ਵਿੱਚ ਬੀਜੋ। ਹਲਕਾ ਪਾਣੀ ਛਿੜਕੋ ਅਤੇ



ਟ੍ਰੇਅ ਨੂੰ ਧੁੱਪ ਤੋਂ ਬਚਾ ਕੇ ਰੱਖੋ। ਬਿਜਾਈ ਵੇਲੇ ਕੀਟਨਾਸ਼ਕ ਜਾਂ ਰਸਾਇਣਕ ਖਾਦਾਂ ਦੀ ਵਰਤੋਂ ਨਾ ਕਰੋ।

**3. ਸਿੰਚਾਈ** : ਹਰ ਰੋਜ਼ ਹਲਕਾ ਪਾਣੀ ਛਿੜਕਦੇ ਰਹੋ, ਤਾਂ ਜੋ ਮਿੱਟੀ ਵਿੱਚ ਨਮੀਂ ਬਣੀ ਰਹੇ। ਪਰ ਮਿੱਟੀ ਨੂੰ ਜ਼ਿਆਦਾ ਗਿੱਲਾ ਨਾ ਕਰੋ।

**4. ਕਟਾਈ** : 6-7 ਦਿਨਾਂ ਵਿੱਚ ਹਰੇ ਭਰੇ ਪੱਤੇ ਤਿਆਰ ਹੋ ਜਾਂਦੇ ਹਨ। ਜਦ ਪੱਤਿਆਂ ਦੀ ਉੱਚਾਈ 6-7 ਇੰਚ ਹੋਵੇ ਤਾਂ ਇਹਨਾਂ ਨੂੰ ਕੈਂਚੀ ਨਾਲ ਕੱਟੋ। ਇੱਕ ਟ੍ਰੇਅ ਤੋਂ ਦੋ ਵਾਰੀ ਕਟਾਈ ਕੀਤੀ ਜਾ ਸਕਦੀ ਹੈ।

**ਵੀਟਗ੍ਰਾਸ ਜੂਸ ਤਿਆਰ ਕਰਨ ਦੀ ਵਿਧੀ :**

★ 50 ਗ੍ਰਾਮ ਵੀਟਗ੍ਰਾਸ ਦੇ ਪੱਤੇ ਲੈ ਕੇ 100 ਗ੍ਰਾਮ ਪਾਣੀ ਸਮੇਤ ਹੱਥ ਨਾਲ ਚੱਲਣ ਵਾਲੇ ਜੂਸਰ ਵਿੱਚ ਪੀਸੋ।

★ ਇਸਨੂੰ ਛਾਣ ਕੇ ਹਰਾ ਤਰਲ ਜੂਸ ਤਿਆਰ ਕਰੋ।

★ ਇੱਕ ਵਾਰ ਵਿੱਚ 30-50 ਮਿਲੀਲੀਟਰ ਜੂਸ ਪੀਣਾ ਕਾਫ਼ੀ ਹੈ।

★ ਸਭ ਤੋਂ ਵਧੀਆ ਨਤੀਜਿਆਂ ਲਈ ਜੂਸ ਸਵੇਰੇ ਨੂੰ ਖਾਲੀ ਪੇਟ ਪੀਓ।

**ਵੀਟਗ੍ਰਾਸ ਜੂਸ ਦੇ ਸਿਹਤ ਲਈ ਫਾਇਦੇ :**

**1. ਖੂਨ ਦੀ ਸ਼ੁੱਧਤਾ ਲਈ** : ਇਸ ਵਿੱਚ ਪਾਇਆ ਜਾਂਦਾ ਕਲੋਰੋਫਿਲ ਖੂਨ ਦੀ ਗੁਣਵੱਤਾ ਨੂੰ ਸੁਧਾਰਦਾ ਹੈ ਤੇ ਆਕਸੀਜਨ ਦੀ ਮਾਤਰਾ ਵਧਾਉਂਦਾ ਹੈ। ਇਹ ਰੋਗ-ਪ੍ਰਤੀਰੋਧਕ ਤਾਕਤ ਨੂੰ ਮਜ਼ਬੂਤ ਕਰਦਾ ਹੈ।

**2. ਜਿਗਰ ਦੇ ਗੁਰਦਿਆਂ ਦੀ ਸਫ਼ਾਈ** : ਇਹ ਸਰੀਰ ਵਿੱਚ ਜੰਮੇ ਜ਼ਹਿਰੀਲੇ ਪਦਾਰਥਾਂ ਨੂੰ ਦੂਰ ਕਰਦਾ ਹੈ।

**3. ਹੀਮੋਗਲੋਬਿਨ ਵਿੱਚ ਵਾਧਾ** : ਇਸ ਵਿੱਚ ਲੋਹੇ ਦੀ ਉੱਚ ਮਾਤਰਾ ਹੀਮੋਗਲੋਬਿਨ ਵਧਾਉਂਦੀ ਹੈ ਤੇ ਐਨੀਮੀਆ ਤੋਂ ਰਾਹਤ ਦਿੰਦੀ ਹੈ।

**4. ਹਾਜ਼ਮੇ ਵਿੱਚ ਸੁਧਾਰ** : ਇਸ ਵਿਚਲੇ ਐਨਜ਼ਾਈਮ ਭੋਜਨ ਦੇ ਹਾਜ਼ਮੇ ਨੂੰ ਬਿਹਤਰ ਬਣਾਉਂਦੇ ਹਨ ਅਤੇ ਕਬਜ਼ ਤੋਂ ਰਾਹਤ ਦਿੰਦੇ ਹਨ।

**5. ਰੋਗ-ਪ੍ਰਤੀਰੋਧਕ ਤਾਕਤ ਵਧਾਉਂਦਾ ਹੈ** : ਇਸ ਵਿੱਚ ਵਿਟਾਮਿਨ ਸੀ, ਈ ਅਤੇ ਬੀ-ਕੰਮਪਲੈਕਸ ਦੀ ਮਾਤਰਾ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਂਦੀ ਹੈ।

**6. ਸਰੀਰ ਤੇ ਮਨ ਦੇ ਤੰਦਰੁਸਤ ਲਈ** : ਵੀਟਗ੍ਰਾਸ ਜੂਸ ਪੀਣ ਨਾਲ ਸਰੀਰ ਵਿੱਚ ਊਰਜਾ ਆਉਂਦੀ ਹੈ ਅਤੇ ਮਨ ਸ਼ਾਂਤ ਰਹਿੰਦਾ ਹੈ।

ਇਸ ਦੀ ਸਹੀ ਵਰਤੋਂ ਨਾਲ ਸਰੀਰ ਤੰਦਰੁਸਤ ਅਤੇ ਜੀਵਨ ਉਤਸ਼ਾਹ ਨਾਲ ਭਰਪੂਰ ਰਹਿੰਦਾ ਹੈ। ਹਰ ਉਮਰ ਦਾ ਵਿਅਕਤੀ ਇਸਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਕੇ ਖੂਨ ਦੀ ਗੁਣਵੱਤਾ, ਚਿਹਰੇ ਦੀ ਚਮਕ ਤੇ ਸਿਹਤ ਵਿੱਚ ਸੁਧਾਰ ਕਰ ਸਕਦਾ ਹੈ।

**ਰਜਿੰਦਰ ਕੌਰ ਅਤੇ ਪ੍ਰਦੀਪ ਕੁਮਾਰ,**
**ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ,**
**ਐੱਸ. ਬੀ. ਐੱਸ. ਨਗਰ** (ਮੋ. 62839-97411)




कृषि एवं कृषि संबंधित विषयों पर आधुनिक जानकारी लेने हेतु पढ़ें

खेती संदेश

हिन्दी साप्ताहिक समाचार पत्र

कृषि एवं कृषि सहायक धंधों की आधुनिक जानकारी से भरपूर

एक वर्ष में 52 अंक

किसान भाईयों व डीलर/डिस्ट्रीब्यूटरों के लिए

चंदों में विशेष छूट

एक वर्ष 400/- रुपए | दो वर्ष 700/- रुपए

पेमेंट करने के पश्चात् अपना डाक पता इस नंबर पर भेजें :

90410-14575

KHETI DUNIYAN
TID - 62763351

चंदे भेजने हेतु QR कोड स्कैन करें।

खेती संदेश (कृषि साप्ताहिक)

के.डी. कॉम्प्लैक्स, गऊशाला रोड, पटियाला


# ਮੱਧ ਪੂਰਬ ਏਸ਼ੀਆ ਦੇ ਲੋਕਾਂ ਨੂੰ ਕਦੋਂ ਨਸੀਬ ਹੋਵੇਗੀ – ਸ਼ਾਂਤੀ

**ਸੰਸਾਰ ਦਾ ਸਭ ਤੋਂ ਵੱਧ ਅਗਾਂਹ ਵਧੂ ਖਿੱਤਾ ਹੁਣ ਪਛੜ ਗਿਆ ਹੈ ਅਤੇ ਕੱਟੜਵਾਦ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਇਜਰਾਈਲ ਰਾਹੀਂ ਅਮਰੀਕਾ ਇਸ ਖਿੱਤੇ ਵਿੱਚ ਆਪਣਾ ਦਬਦਬਾ ਕਾਇਮ ਰੱਖਣਾ ਚਾਹੁੰਦਾ ਹੈ ਜਿਸ ਦਾ ਸ਼ਿਕਾਰ ਆਮ ਲੋਕ ਹੋ ਰਹੇ ਹਨ। ਸਭ ਤੋਂ ਵੱਧ ਨੁਕਸਾਨ ਫ਼ਲਸਤੀਨੀ ਲੋਕਾਂ ਦਾ ਹੋਇਆ ਹੈ।**



ਡਾ. ਰਣਜੀਤ ਸਿੰਘ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

ਇਸ ਖਿੱਤੇ ਵਿੱਚ ਦੂਜਾ ਸ਼ਕਤੀਸ਼ਾਲੀ ਦੇਸ਼ ਇਰਾਨ ਹੈ। ਇਸ ਦੀਆਂ ਸਰਹੱਦਾਂ ਇਰਾਕ, ਤੁਰਕੀ, ਅਫ਼ਗਾਨਿਸਤਾਨ ਦੇਸ਼ਾਂ ਨਾਲ ਲੱਗਦੀਆਂ ਹਨ। ਇਸ ਕੋਲ ਤੇਲ ਦੇ ਭੰਡਾਰ ਤੇ ਸਮੁੰਦਰੀ ਤੱਟ ਵੀ ਹੈ। ਇਸ ਖਿੱਤੇ ਵਿੱਚੋਂ ਬਾਦਸ਼ਾਹਿਤ ਖ਼ਤਮ ਕਰਕੇ ਇਸਲਾਮਿਕ ਸਟੇਟ ਬਣਨ ਵਾਲਾ ਇਹ ਸਭ ਤੋਂ ਮਗਰਲਾ ਦੇਸ਼ ਹੈ। ਸਾਰੇ ਖਿੱਤੇ ਵਿੱਚ ਜਿੱਤੇ ਸੁੰਨੀ ਮੁਲਸਮਾਨਾਂ ਦਾ ਵੱਧ ਅਬਾਦੀ ਹੈ ਉੱਥੇ ਇਰਾਨ ਹੀ ਇੱਕ ਅਜਿਹਾ ਦੇਸ਼ ਹੈ ਜਿੱਥੇ ਸ਼ੀਆ ਮੁਸਲਮਾਨ ਰਾਜ ਕਰਦੇ ਹਨ।

ਤੁਰਕੀ, ਸੀਰੀਆ, ਇਰਾਕ ਅਤੇ ਇਰਾਨ ਦੀਆਂ ਜਿੱਥੇ ਸਰਹੱਦਾਂ ਮਿਲਦੀਆਂ ਹਨ, ਉੱਥੇ ਇੱਕ ਵੱਖਰੀ ਖੁਰਦੀ ਕੌਮ ਰਹਿੰਦੀ ਹੈ। ਇਨ੍ਹਾਂ ਦਾ ਆਰੀਅਨ ਪਿਛੋਕੜ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਬੋਲੀ ਵੱਖਰੀ ਹੈ ਜਿਹੜੀ ਪੰਜਾਬੀ ਬੋਲੀ ਦੇ ਵਧੇਰੇ ਨੇੜੇ ਹੈ। ਇੱਕ ਤੋਂ ਦਸ ਤੱਕ ਗਿਣਤੀ ਪੰਜਾਬੀ ਵਾਲੀ ਹੈ। ਇਨ੍ਹਾਂ ਲੋਕਾਂ ਨੇ ਅਮਰੀਕੀ, ਤੁਰਕੀ ਅਤੇ ਇਰਾਨੀ ਛਹਿ ਉੱਤੇ ਇਰਾਕ ਵਿੱਚ ਕੋਈ ਅੱਧੀ ਸਦੀ ਪਹਿਲਾਂ ਬਗਾਵਤ ਕੀਤੀ ਅਤੇ ਆਰਜੀ ਤੌਰ ਉੱਤੇ ਖੁਰਦਸਤਾਨ ਦੇਸ਼ ਘੋਸ਼ਿਤ ਕਰ ਦਿੱਤਾ। ਇਰਾਕ ਦੇ ਤੇਲ ਭੰਡਾਰ ਵੀ ਇਸੇ ਖਿੱਤੇ ਵਿੱਚ ਹਨ ਤੇ ਮੇਵਿਆਂ ਦੇ ਬਗੀਚੇ ਵੀ ਇੱਥੇ ਹੀ ਹਨ। ਕਿਰਕੂਕ ਮੁੱਖ ਸ਼ਹਿਰ ਹੈ। ਸੰਨ 1974 ਵਿੱਚ ਸਦਾਮ ਹੁਸੈਨ ਨੇ ਇਰਾਨ ਨਾਲ ਸਮਝੌਤਾ ਕਰ ਲਿਆ ਜਿਸ ਕਰਕੇ ਖੁਰਦੀਆਂ ਦੀ ਬਗਾਵਤ ਉਤੇ ਕਾਬੂ ਪਾ ਲਿਆ ਗਿਆ ਅਤੇ ਇਰਾਕ ਨੇ ਬੜੀ ਤੇਜ਼ੀ ਨਾਲ ਵਿਕਾਸ ਕਾਰਜ ਅਰੰਭ ਕੀਤੇ। ਕਾਲਿਜ ਅਤੇ ਯੂਨੀਵਰਸਿਟੀਜ਼ ਕਾਇਮ ਕੀਤੀਆਂ ਗਈਆਂ। ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਭਾਰਤ ਅਤੇ ਹੋਰ ਦੇਸ਼ਾਂ ਵਿੱਚੋਂ ਵੱਡੀ ਗਿਣਤੀ ਵਿੱਚ ਮਾਹਿਰਾਂ ਨੂੰ ਬੁਲਾਇਆ ਗਿਆ।

ਅਗਲਾ ਦੇਸ਼ ਅਫ਼ਗਾਨਿਸਤਾਨ ਹੈ। ਇਹ ਬਗੀਚਿਆਂ ਅਤੇ ਬਹਾਦੁਰ ਲੋਕਾਂ ਦਾ ਖ਼ੂਬਸੂਰਤ ਦੇਸ਼ ਹੈ। ਪਰ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਖਾਨਾਜੰਗੀ ਨੇ ਇਸ ਨੂੰ ਤਬਾਹ ਕਰ ਦਿੱਤਾ ਹੈ। ਕਦੇ ਅਮਰੀਕੀ ਅਤੇ ਕਦੇ ਰੂਸੀ ਹਿਮਾਇਤ ਨੇ ਖਾਨਾਜੰਗੀ ਨੂੰ ਜਾਰੀ ਰੱਖਣ ਵਿੱਚ ਸਹਾਇਤਾ ਕੀਤੀ। ਹੁਣ ਥੱਕ ਕੇ ਇਨ੍ਹਾਂ ਦੋਵਾਂ ਸ਼ਕਤੀਆਂ ਨੇ ਆਪਣੇ ਆਪ ਨੂੰ ਬਾਹਰ ਕੱਢਿਆ ਹੈ ਤੇ ਇੱਥੇ ਸ਼ਾਂਤੀ ਬਹਾਲ ਹੋਈ ਹੈ ਅਤੇ ਦੇਸ਼ ਵਿੱਚ ਮੁੜ ਉਸਾਰੀ ਕਾਰਜ ਆਰੰਭ ਹੋਏ ਹਨ। ਇੱਥੋਂ ਦੇ ਲੋਕ ਤਾਕਤਵਰ ਅਤੇ ਅਣਖੀਲੇ ਹਨ। ਇਨ੍ਹਾਂ ਲੋਕਾਂ ਨੇ ਭਾਰਤ ਨੂੰ ਗਿਆਰਵੀਂ ਸਦੀ ਤੋਂ ਅਠਾਰਵੀਂ ਸਦੀ ਤੱਕ ਬੁਰੀ ਤਰ੍ਹਾਂ ਲੁੱਟਿਆ। ਭਾਰਤੀ ਔਰਤਾਂ ਨੂੰ ਗਜਨੀ ਦੇ ਬਜ਼ਾਰਾਂ ਵਿੱਚ ਨਿਲਾਮ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਵਿੱਚ ਜਦੋਂ ਰਾਜ ਕਾਇਮ ਹੋਇਆ ਤਾਂ ਉਸ ਨੇ ਇਨ੍ਹਾਂ ਦੇ ਘਰ ਜਾ ਕੇ ਸਬਕ ਸਿਖਾਇਆ। ਮੁੜ ਕਿਸੇ ਦੀ ਵੀ ਇਸ ਪਾਸਿਓਂ ਭਾਰਤ ਉੱਤੇ ਹਮਲਾ ਕਰਨ ਦੀ ਹਿੰਮਤ ਨਹੀਂ ਪਈ।

ਇਸ ਖਿੱਤੇ ਦੀ ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਮਹੱਤਤਾ ਨੂੰ ਦੇਖਦੇ ਹੋਏ ਗੁਰੂ ਨਾਨਕ ਸਾਹਿਬ ਨੇ ਇੱਥੋਂ ਦੀ ਯਾਤਰਾ ਕੀਤੀ। ਉਨ੍ਹਾਂ ਦੀ ਚਰਨਛੋਹ ਦੀਆਂ ਨਿਸ਼ਾਨੀਆਂ ਅਫ਼ਗਾਨਿਸਤਾਨ, ਇਰਾਨ, ਇਰਾਕ, ਤੁਰਕੀ ਅਤੇ ਰੂਸ ਦੇ ਏਸ਼ੀਆਈ ਖਿੱਤੇ ਵਿੱਚ ਮੌਜੂਦ ਹਨ। ਅਫ਼ਗਾਨਿਸਤਾਨ ਅਤੇ ਇਰਾਨ ਵਿੱਚ ਸਿੱਖਾਂ ਦੀ ਚੋਖੀ ਗਿਣਤੀ ਸੀ ਉੱਥੇ ਉਨ੍ਹਾਂ ਦੇ ਗੁਰੂ ਘਰ ਅਤੇ ਸਕੂਲ ਸਨ ਪਰ ਦੋਵਾਂ ਦੇਸ਼ਾਂ ਵਿੱਚ ਹੋਈਆਂ ਬਗਾਵਤਾਂ ਕਾਰਨ ਬਹੁਤਿਆਂ ਨੂੰ ਇਹ ਦੇਸ਼ ਛੱਡਣੇ ਪਏ। ਹੁਣ ਸਾਰੇ ਮੱਧ ਪੂਰਬ ਏਸ਼ੀਆ ਸਿੱਖਾਂ ਅਤੇ ਹਿੰਦੂਆਂ ਦੀ ਗਿਣਤੀ ਨਾਮਮਾਤਰ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਵਿਦੇਸ਼ੀਆਂ ਨੂੰ ਪੱਕੇ ਤੌਰ ਉੱਤੇ ਵਸੇਵਾ ਕਰਨ ਨਹੀਂ ਦਿੱਤਾ ਜਾਂਦਾ। ਇੱਥੋਂ ਦੇ ਲੋਕ ਮਨੁੱਖੀ ਕਦਰਾਂ ਕੀਮਤਾਂ ਦੇ ਧਾਰਨੀ ਮਿਹਨਤੀ ਅਤੇ ਬਹਾਦਰ ਹਨ ਪਰ ਪੂਰੀ ਵੀਹਵੀਂ ਸਦੀ ਇੱਥੇ ਗੜਬੜ ਹੁੰਦੀ ਰਹੀ ਹੈ। ਜਿਸ ਕਰਕੇ ਇੱਥੋਂ ਦੀ ਖ਼ੁਸ਼ਹਾਲੀ ਅਤੇ ਵਿਕਾਸ ਬਹੁਤ ਪਿਛੜ ਗਿਆ ਹੈ। ਸੰਸਾਰ ਦਾ ਸਭ ਤੋਂ ਵੱਧ ਅਗਾਂਹ ਵਧੂ ਖਿੱਤਾ ਹੁਣ ਪਛੜ ਗਿਆ ਹੈ ਅਤੇ ਕੱਟੜਵਾਦ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਇਜਰਾਈਲ ਰਾਹੀਂ ਅਮਰੀਕਾ ਇਸ ਖਿੱਤੇ ਵਿੱਚ ਆਪਣਾ ਦਬਦਬਾ ਕਾਇਮ ਰੱਖਣਾ ਚਾਹੁੰਦਾ ਹੈ ਜਿਸ ਦਾ ਸ਼ਿਕਾਰ ਆਮ ਲੋਕ ਹੋ ਰਹੇ ਹਨ। ਸਭ ਤੋਂ ਵੱਧ ਨੁਕਸਾਨ ਫ਼ਲਸਤੀਨੀ ਲੋਕਾਂ ਦਾ ਹੋਇਆ ਹੈ। ਉਹ ਖਾਨਾਬਦੋਸ਼ ਬਣ ਕੇ ਭੁਖਮਰੀ ਦਾ ਸ਼ਿਕਾਰ ਹਨ। ਵਿੱਦਿਆ ਅਤੇ ਗਿਆਨ ਦਾ ਗੜ੍ਹ ਇਹ ਖਿੱਤਾ ਹੁਣ ਕੱਟੜਵਾਦ ਕਾਰਨ ਪਛੜ ਗਿਆ ਹੈ। ਇਨ੍ਹਾਂ ਦੇ ਨਸੀਬ ਵਿੱਚ ਸ਼ਾਂਤੀ ਕਦੋਂ ਹੋਵੇਗੀ ਰੱਬ ਹੀ ਜਾਣਦਾ ਹੈ।

# ਦਸੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਣਕ** : ਸੇਂਜੂ ਹਾਲਤਾਂ ਵਿੱਚ ਪਿਛੇਤੀ ਬਿਜਾਈ ਪੀ ਬੀ ਡਬਲਯੂ 752, ਪੀ ਬੀ ਡਬਲਯੂ 771 ਅਤੇ ਪੀ ਬੀ ਡਬਲਯੂ 757 ਦੀ ਕਾਸ਼ਤ ਕਰੋ। ਬਿਜਾਈ ਵੇਲੇ 55 ਕਿਲੋ ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ। ਜੇਕਰ ਸਿੰਗਲ ਸੁਪਰਫਾਸਫੇਟ



ਖਾਦ ਪਾਈ ਹੋਵੇ ਤਾਂ 20 ਕਿੱਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਉ। ਪਛੇਤੀ ਬੀਜੀ ਜਾਣ ਵਾਲੀ ਕਣਕ ਵਿੱਚ ਵੀ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਨਾਲ ਖਾਦ ਪਾਈ ਜਾ ਸਕਦੀ ਹੈ। ਪਹਿਲੇ ਅਤੇ ਦੂਜੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿੱਲੋ ਅਤੇ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 35 ਕਿਲੋ ਯੂਰੀਆ ਪ੍ਰਤੀ ਏਕੜ ਪਾਓ।

ਸਿੱਟੇ ਦੀ ਕਾਂਗਿਆਰੀ ਅਤੇ ਪੱਤਿਆਂ ਦੀ ਕਾਂਗਿਆਰੀ ਦੀ ਰੋਕਥਾਮ ਲਈ ਬੀਜ ਨੂੰ ਰੈਕਸਿਲ ਈਜੀ / ਓਰੀਅਸ 6 ਐਫ ਐਸ 13 ਮਿ.ਲਿ. ਜਾਂ ਵੀਟਾਵੈਕਸ ਪਾਵਰ 120 ਗ੍ਰਾਮ ਜਾਂ ਵੀਟਾਵੈਕਸ 80 ਗ੍ਰਾਮ ਜਾਂ ਟੈਬੂਸੀਡ/ਸੀਡੈਕਸ/ਐਕਸਜ਼ੋਲ 40 ਗ੍ਰਾਮ ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ।

ਸਿਉਂਕ ਫ਼ਸਲ ਬੀਜਣ ਦੇ ਛੇਤੀ ਪਿੱਛੋਂ ਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਨਾਲ ਬੂਟੇ ਸੁੱਕ ਜਾਂਦੇ ਹਨ ਅਤੇ ਮਰੇ ਬੂਟੇ ਸੌਖੇ ਹੀ ਪੁੱਟੇ ਜਾ ਸਕਦੇ ਹਨ। ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 100 ਮਿਲੀਲਿਟਰ ਡਰਸਬਾਨ / ਰੂਬਾਨ / ਡਰਮਟ 20 ਈ ਸੀ (ਕਲੋਰਪਾਈਰੀਫ਼ਾਸ) ਜਾਂ 80 ਮਿਲੀਲਿਟਰ ਨਿਉਨੈਕਸ 20 ਐਫ ਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਲੈ ਕੇ ਇੱਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ। ਨਿਉਨੈਕਸ ਨਾਲ ਸੋਧੇ ਬੀਜ ਨੂੰ ਕਾਂਗਿਆਰੀ ਵੀ ਨਹੀਂ ਲੱਗਦੀ। ਬੀਜ ਦੀ ਸੋਧ ਬਿਜਾਈ ਤੋਂ ਇੱਕ ਮਹੀਨੇ ਤੋਂ ਪਹਿਲਾਂ ਨਾ ਕਰੋ ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਤੇ ਮਾੜਾ ਅਸਰ ਪੈਂਦਾ ਹੈ। ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਇਹ ਕੁੱਝ ਹੱਦ ਤੱਕ ਠੀਕ ਹੋ ਜਾਂਦਾ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿੱਲੋ ਮੋਰਟਲ 0.3 ਜੀ ਜਾਂ 1.2 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫ਼ਾਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ। ਇਸ ਨਾਲੀ ਗੁਲਾਬੀ ਸੁੰਡੀ ਦੀ ਵੀ ਰੋਕਥਾਮ ਹੋ ਜਾਂਦੀ ਹੈ।

ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚ ਅੜੀਅਲ ਗੁੱਲੀ ਡੰਡੇ ਨੂੰ ਮਾਰਨ ਲਈ ਬਿਜਾਈ ਤੋਂ 2 ਦਿਨਾਂ ਅੰਦਰ ਸਟੌਂਪ / ਦੋਸਤ / ਪੈਂਡਾ / ਮਾਰਕਪੈਂਡੀ / ਪੈਂਡਿਲ / ਬੰਕਰ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਪ੍ਰਤੀ ਏਕੜ ਜਾਂ ਅਵਕੀਰਾ / ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਪ੍ਰਤੀ ਏਕੜ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ + ਮੈਟਰੀਬੂਜਿਨ) 1.0 ਪ੍ਰਤੀ ਏਕੜ 200 ਲਿਟਰ ਪਾਣੀ ਦੇ ਨਾਲ ਵਰਤੋਂ।

ਗੁੱਲੀ ਡੰਡੇ ਅਤੇ ਜੰਗਲੀ ਜਵੀਂ ਜੌਂਧਰ ਦੀ ਰੋਕਥਾਮ ਲਈ ਆਈਸੋਪ੍ਰੋਟੂਰੋਨ ਨਦੀਨ ਨਾਸ਼ਕ ਦਾ ਛਿੜਕਾਅ ਪਹਿਲੇ ਪਾਣੀ ਤੋਂ 2-3 ਦਿਨ ਪਹਿਲਾਂ ਕਰੋ। ਭਾਰੀਆਂ ਜ਼ਮੀਨਾਂ ਲਈ ਆਈਸੋਪ੍ਰੋਟੂਰੋਨ 75 ਡਬਲਊ ਪੀ 500 ਗ੍ਰਾਮ ਅਤੇ ਦਰਮਿਆਨੀਆਂ ਜ਼ਮੀਨਾਂ ਲਈ ਆਈਸੋਪ੍ਰੋਟੂਰੋਨ 75 ਡਬਲਊ ਪੀ 400 ਗ੍ਰਾਮ ਪ੍ਰਤੀ ਏਕੜ ਵਰਤੋਂ। ਹਲਕੀਆਂ ਜ਼ਮੀਨਾਂ ਲਈ ਇਸ ਨਦੀਨ ਨਾਸ਼ਕ ਦੀ ਮਾਤਰਾ 300 ਗ੍ਰਾਮ ਪ੍ਰਤੀ ਏਕੜ ਵਰਤੋਂ ਜਾਂ ਸਲਫੋਸਲਫੂਰਾਨ 13 ਗ੍ਰਾਮ ਪ੍ਰਤੀ ਏਕੜ ਦਾ ਪਹਿਲੇ ਪਾਣੀ ਤੋਂ 2-3 ਦਿਨ ਪਹਿਲਾ 150 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ (ਜਿਨ੍ਹਾਂ ਖੇਤਾਂ ਵਿੱਚ ਕਣਕ ਦੇ ਨਾਲ ਸਰ੍ਹੋਂ, ਰਾਇਆ, ਛੋਲੇ ਜਾਂ ਕੋਈ ਹੋਰ ਚੌੜੀ ਪੱਤੀ ਵਾਲੀ ਫ਼ਸਲ ਰਲਾ ਕੇ ਬੀਜੀ ਹੋਵੇ ਉੱਥੇ ਇਸ ਰਸਾਇਣ ਦੀ ਵਰਤੋਂ ਨਾ ਕਰੋ।

ਇਸ ਤੋਂ ਇਲਾਵਾ ਪਹਿਲੇ ਪਾਣੀ ਤੋਂ ਬਾਅਦ ਗੁੱਲੀ ਡੰਡੇ ਨੂੰ ਮਾਰਨ ਲਈ ਕਲੋਡੀਨਾਫੋਪ 15 ਡਬਲਯੂ ਪੀ 160 ਗ੍ਰਾਮ ਜਾਂ ਫੈਨੋਕਸਾਪ੍ਰੋਪ ਈਥਾਇਲ 10 ਈ. ਸੀ. 400 ਮਿ. ਲੀ. ਜਾਂ ਲੀਡਰ/ਐਸ ਐਫ 10/ਸਫਲ/ਮਾਰਕਸਲਫੋ 75 ਡਬਲਯੂ ਜੀ (ਸਲਫੋਸਲਫੂਰਾਨ) 13 ਗ੍ਰਾਮ ਜਾਂ ਐਕਸੀਅਲ 5 ਈ ਸੀ (ਪਿਨੋਕਸਾਡਨ) 400 ਮਿ.ਲੀ. ਨੂੰ 150 ਲਿਟਰ ਪਾਣੀ ਦੀ ਵਰਤੋਂ ਨਾਲ ਬਿਜਾਈ ਤੋਂ 30-35 ਦਿਨਾਂ ਬਾਅਦ ਫਲੈਟ ਫੈਨ ਨੋਜ਼ਲ ਨਾਲ ਛਿੜਕਾਅ ਕਰੋ।

ਜੇਕਰ ਕਣਕ ਵਿੱਚ ਚੌੜੇ ਪੱਤੇ ਵਾਲੇ ਨਦੀਨ ਹੋਣ ਤਾਂ 250 ਗ੍ਰਾਮ ਪ੍ਰਤੀ ਏਕੜ 2, 4ਡੀ ਦੀ ਵਰਤੋਂ ਕਣਕ ਦੀ ਬਿਜਾਈ ਤੋਂ 35-45 ਦਿਨਾਂ ਵਿੱਚ ਕਰੋ ਅਤੇ ਪਿਛੇਤੀ ਬੀਜੀ ਫ਼ਸਲ ਤੇ 45 ਤੋਂ 55 ਦਿਨਾਂ ਵਿੱਚ ਕਰੋ। ਸਖ਼ਤ ਜਾਨ ਨਦੀਨਾਂ ਜਿਵੇਂ ਜੰਗਲੀ ਪਾਲਕ, ਮੈਣਾ, ਮੈਣੀ, ਸੇਂਜੀ, ਤਕਲਾ ਆਦਿ ਲਈ ਐਲਗਰਿਪ / ਐਲਗਰਿਪ ਰਾਇਲ / ਮਾਰਕਗਰਿਪ (ਮੈਟਸਲਫੂਰਾਨ 20 ਤਾਕਤ) 10 ਗ੍ਰਾਮ/ਏਕੜ 150 ਲਿਟਰ ਪਾਣੀ ਨਾਲ 30-35 ਦਿਨਾਂ ਪਿੱਛੋਂ ਛਿੜਕਾਅ ਕਰੋ। ਜਿਨ੍ਹਾਂ ਖੇਤਾਂ ਵਿੱਚ ਬਟਨ ਬੂਟੀ ਦੀ ਸਮੱਸਿਆ ਹੋਵੇ, ਉੱਥੇ ਏਮ / ਅਫਿਨਟੀ (ਕਾਰਫ਼ੈਨਟਾਜੋਨ-ਈਥਾਇਲ 40 ਡੀ ਐਫ) 20 ਗ੍ਰਾਮ / ਏਕੜ ਨੂੰ 200 ਲਿਟਰ ਪਾਣੀ ਨਾਲ 25-30 ਦਿਨਾਂ ਪਿੱਛੋਂ ਛਿੜਕਾਅ ਕਰੋ। ਜਿੱਥੇ ਮਕੋਹ, ਜੰਗਲੀ ਪਾਲਕ, ਰਾਰੀ, ਹਿਰਨਖੁਰੀ ਹੋਵੇ ਉੱਥੇ ਲਾਂਫਿਡਾ 50 ਡੀ ਐਫ 20 ਗ੍ਰਾਮ ਪ੍ਰਤੀ ਏਕੜ ਬਿਜਾਈ ਤੋਂ 25-30 ਦਿਨਾਂ ਵਿੱਚ 200 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ।



ਗੁੱਲੀ ਡੰਡੇ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 160 ਗ੍ਰਾਮ ਐਟਲਾਂਟਿਸ 3.6 ਡਬਲਯੂ ਡੀ ਜੀ ਜਾਂ 16 ਗ੍ਰਾਮ ਟੋਟਲ/ਮਾਰਕਪਾਵਰ 75 ਡਬਲਯੂ ਜੀ (ਐਟਲਾਂਟਿਸ 3.6 ਡਬਲਯੂ ਡੀ ਜੀ (ਮੀਜ਼ੋਸਲਫੂਰਾਨ + ਆਈਓਡੋਸਲਫੂਰਾਨ) 160 ਗ੍ਰਾਮ ਜਾਂ ਟੋਟਲ/ਮਾਰਕਪਾਵਰ 75 ਡਬਲਯੂ ਜੀ (ਸਲਫੋਸਲਫੂਰਾਨ + ਮੈਟਸਲਫੂਰਾਨ) 16 ਗ੍ਰਾਮ ਜਾਂ ਅਕੌਡ ਪੱਲਸ (ਫੈਨੌਕਸਾਪ੍ਰੋਪ + ਮੈਟਰੀਬੁਜਿਨ) 500 ਮਿਲੀਲਿਟਰ ਜਾਂ 200 ਗ੍ਰਾਮ ਸ਼ਗਨ 21-11 ਜਾਂ 240 ਗ੍ਰਾਮ ਏ ਸੀ ਐਮ-9 ਪ੍ਰਤੀ ਏਕੜ ਵਰਤੋ) ਦੀ ਵਰਤੋਂ 150 ਲਿਟਰ ਪਾਣੀ ਨਾਲ 30-35 ਦਿਨਾਂ ਦੀ ਫ਼ਸਲ 'ਤੇ ਕਰੋ। ਕਣਕ ਦੀ ਪੀ ਬੀ ਡਬਲਯੂ 550 ਅਤੇ ਉੱਨਤ ਪੀ ਬੀ ਡਬਲਯੂ 550 ਕਿਸਮਾਂ ਉਪਰ ਅਕੌਡ ਪਲੱਸ/ਸ਼ਗਨ 21-11 ਅਤੇ ਏ ਸੀ ਐਮ-9 ਦਾ ਛਿੜਕਾਅ ਨਾ ਕਰੋ। ਹਲਕੀਆਂ ਜ਼ਮੀਨਾਂ ਵਿੱਚ ਸ਼ਗਨ ਦੀ ਵਰਤੋਂ ਨਾ ਕਰੋ। ਜਿੱਥੇ ਸਲਸਲਫੂਰਾਨ ਦੀ ਵਰਤੋਂ ਕੀਤੀ ਹੋਵੇ ਉੱਥੇ ਸਾਉਣੀ ਸਮੇਂ ਚਰ੍ਹੀ ਅਤੇ ਮੱਕੀ ਨਾ ਬੀਜੋ।

ਅਕਤੂਬਰ ਤੋਂ ਬਾਅਦ ਬੀਜੀ ਕਣਕ ਨੂੰ ਪਹਿਲਾ ਪਾਣੀ ਬਿਜਾਈ ਦੇ ਚਾਰ ਹਫ਼ਤੇ ਬਾਅਦ ਦਿਉ। ਹਲਕੀਆਂ ਜ਼ਮੀਨਾਂ ਵਿੱਚ ਇਹ ਪਾਣੀ ਇੱਕ ਹਫ਼ਤਾ ਪਹਿਲਾਂ ਦੇਣਾ ਚਾਹੀਦਾ ਹੈ। ਹਲਕੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ ਵਿੱਚ ਪਹਿਲੇ ਪਾਣੀ ਤੋਂ ਬਾਅਦ ਜ਼ਿੰਕ ਦੀ ਘਾਟ ਆ ਸਕਦੀ ਹੈ। ਜ਼ਿੰਕ ਦੀ ਘਾਟ ਬੂਟੇ ਦੇ ਉੱਪਰਲੇ ਹਿੱਸੇ ਤੇ ਤੀਸਰੇ ਜਾਂ ਚੌਥੇ ਪੱਤੇ ਤੇ ਆਉਂਦੀ ਹੈ। ਇਹ ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਤੇ ਬਾਅਦ ਵਿੱਚ ਪੱਤੇ ਸੁੱਕ ਕੇ ਟੁੱਟ ਜਾਂਦੇ ਹਨ। ਜੇਕਰ ਇਹੋ ਜਿਹੀਆਂ ਨਿਸ਼ਾਨੀਆਂ ਖੇਤ ਵਿੱਚ ਨਜ਼ਰ ਆਉਣ ਤਾਂ ਪ੍ਰਤੀ ਏਕੜ ਲਈ 25 ਕਿੱਲੋ ਜ਼ਿੰਕ ਸਲਫੇਟ (21%) ਨੂੰ ਏਨੀ ਹੀ ਮਿੱਟੀ ਦੀ ਮਿਕਦਾਰ ਵਿੱਚ ਮਿਲਾ ਲਉ ਅਤੇ ਛੱਟਾ ਦੇ ਦਿਉ। ਇਹ 2-3 ਸਾਲ ਲਈ ਕਾਫ਼ੀ ਹੁੰਦਾ ਹੈ। ਜ਼ਿੰਕ ਦੀ ਘਾਟ ਫ਼ਸਲ ਉੱਤੇ ਜ਼ਿੰਕ ਸਲਫੇਟ (0.5%) ਦੀ ਸਪਰੇਅ ਕਰਨ ਨਾਲ ਵੀ ਪੂਰੀ ਕੀਤੀ ਜਾ ਸਕਦੀ ਹੈ। ਇੱਕ ਏਕੜ ਲਈ ਇੱਕ ਕਿਲੋ ਜ਼ਿੰਕ ਸਲਫ਼ੇਟ ਅਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿੱਚ ਘੋਲ ਕੇ 15 ਦਿਨਾਂ ਦੀ ਵਿੱਥ ਤੇ 2-3 ਵਾਰ ਛਿੜਕਾਅ ਕਰੋ। ਹਲਕੀਆਂ ਜ਼ਮੀਨਾਂ ਵਿੱਚ ਝੋਨੇ ਤੋਂ ਬਾਅਦ ਬੀਜੀ ਕਣਕ ਉੱਪਰ ਮੈਂਗਨੀਜ਼ ਦੀ ਘਾਟ ਆ ਸਕਦੀ ਹੈ। ਜੇਕਰ ਪੱਤੇ ਦਾ ਵਿਚਕਾਰਲਾ ਹਿੱਸਾ ਪੀਲਾ ਨਜ਼ਰ ਆਵੇ ਅਤੇ ਪੱਤੇ ਉੱਪਰ ਹਲਕੇ ਸਲੇਟੀ ਤੋਂ ਗੁਲਾਬੀ ਭੂਰੇ ਰੰਗ ਦੇ ਛੋਟੇ-ਛੋਟੇ ਧੱਬੇ ਪੈ ਜਾਣ ਜੋ ਬਾਅਦ ਵਿੱਚ ਸਲੇਟੀ ਗੁਲਾਬੀ ਧਾਰੀਆਂ ਵਿੱਚ ਬਦਲ ਜਾਂਦੇ ਹਨ ਤਾਂ ਇਹ ਮੈਂਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਹਨ। ਅਜਿਹਾ ਹੋਣ ਤੇ 0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ (1 ਕਿਲੋ ਮੈਂਗਨੀਜ਼ ਸਲਫੇਟ 200 ਲਿਟਰ ਪਾਣੀ ਪ੍ਰਤੀ ਏਕੜ) ਦੇ ਘੋਲ ਦਾ ਛਿੜਕਾਅ ਕਰੋ। ਜਿੱਥੇ ਪਿੱਛਲੇ ਸਾਲ ਮੈਂਗਨੀਜ਼ ਦੀ ਘਾਟ ਆਈ ਸੀ ਇੱਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ ਦੋ-ਤਿੰਨ ਛਿੜਕਾਅ ਪਹਿਲੇ ਪਾਣੀ ਤੋਂ ਬਾਅਦ ਹਫ਼ਤੇ-ਹਫ਼ਤੇ ਦੇ ਵਕਫੇ ਤੇ ਕਰੋ। ਰੇਤਲੀਆਂ ਜ਼ਮੀਨਾਂ ਵਿੱਚ ਗੰਧਕ ਦੀ ਘਾਟ ਕਾਰਨ ਉੱਪਰਲੇ ਨਵੇਂ ਪੱਤੇ ਹਲਕੇ ਹਰੇ ਅਤੇ ਫਿਰ ਪੀਲੇ ਹੋ ਜਾਂਦੇ ਹਨ ਜਦ ਕਿ ਹੇਠਲੇ ਪੱਤੇ ਹਰੇ ਹੀ ਰਹਿੰਦੇ ਹਨ। ਜੇਕਰ ਇਹੋ ਜਿਹੀਆਂ ਨਿਸ਼ਾਨੀਆਂ ਦਿਖਾਈ ਦੇਣ ਤਾਂ ਇੱਕ ਕੁਇੰਟਲ ਜਿਪਸਮ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੱਟਾ ਮਾਰੋ ਅਤੇ ਹਲਕਾ ਪਾਣੀ ਦੇ ਦਿਉ। ਨੀਮ ਪਹਾੜੀਆਂ ਇਲਾਕਿਆਂ ਵਿੱਚ ਪੀਲੀ ਕੁੰਗੀ ਦਾ ਹਮਲਾ ਹੋ ਸਕਦਾ ਹੈ। ਇਸ ਮਹੀਨੇ ਪੀਲੀ ਕੁੰਗੀ ਦੀ ਪਹਿਲੀ ਆਮਦ ਨੂੰ ਦੇਖਣ ਲਈ ਨੀਮ ਪਹਾੜੀ ਇਲਾਕਿਆਂ ਦਾ ਸਰਵੇਖਣ ਕਰੋ। ਜੇਕਰ ਪੀਲੀ ਕੁੰਗੀ ਕਣਕ ਤੇ ਦਿਖਾਈ ਦਿੰਦੀ ਹੈ ਤਾਂ ਉਸ ਨੂੰ 0.06 ਪ੍ਰਤੀਸ਼ਤ ਨਟੀਵੋ ਜਾਂ 0.15 ਪ੍ਰਤੀਸ਼ਤ ਤਾਕਤ ਜਾਂ 0.1 ਪ੍ਰਤੀਸ਼ਤ ਐਮਪੈਕਟ ਐਕਸਟਰਾ ਜਾਂ ਕੈਵੀਅਟ ਜਾਂ ਕਸਟੋਡੀਆ ਜਾਂ ਓਪੇਰਾ ਜਾਂ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਕੰਮਪਾਸ ਜਾਂ ਸਟਿਲਟ ਜਾਂ ਮਾਰਕਜ਼ੋਲ ਦਾ ਛਿੜਕਾਅ ਕਰਕੇ ਇਸ ਦੀ ਲਾਗ ਨੂੰ ਨਸ਼ਟ ਕਰ ਦਿਓ।

**ਤੇਲ ਬੀਜ** : ਤੋਰੀਏ ਦੀ ਸਹੀ ਸੰਭਾਲ ਲਈ ਫ਼ਸਲ ਦੀ ਕਟਾਈ ਖ਼ਤਮ ਕਰ ਲੈਣੀ ਚਾਹੀਦੀ ਹੈ।



ਤਣੇ ਦੇ ਗਾਲੇ ਨੂੰ ਕਾਬੂ ਹੇਠ ਰੱਖਣ ਲਈ 25 ਦਸੰਬਰ ਤੋਂ ਲੈ ਕੇ 15 ਜਨਵਰੀ ਤੱਕ ਫ਼ਸਲ ਨੂੰ ਪਾਣੀ ਨਾ ਲਗਾਓ।

**ਦਾਲਾਂ** : ਛੋਲਿਆਂ ਅਤੇ ਮਸਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ। ਸਮੇਂ ਸਿਰ ਬੀਜੀ ਛੋਲਿਆਂ ਦੀ ਫ਼ਸਲ ਨੂੰ ਅੱਧ ਦਸੰਬਰ ਦੇ ਆਸ-ਪਾਸ ਪਾਣੀ ਦੇ ਦਿਉ ਜਦ ਕਿ ਮਸਰਾਂ ਨੂੰ ਬਿਜਾਈ ਦੇ ਇੱਕ ਮਹੀਨਾ ਬਾਅਦ ਪਾਣੀ ਦਿਉ।

**ਕਮਾਦ** : ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਅੱਧ ਦਸੰਬਰ ਤੱਕ ਪਾਣੀ ਦਿਉ। ਅਗੇਤੀਆਂ ਕਿਸਮਾਂ ਨੂੰ ਪੀੜਣ ਅਤੇ ਕਟਾਈ (ਮਿੱਲਾਂ ਵਿੱਚ ਭੇਜਣ ਲਈ) ਸ਼ੁਰੂ ਕਰ ਦਿਉ। ਕਟਾਈ ਖ਼ਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ।

**ਹਰੇ ਚਾਰੇ** : ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਲਈ ਇਸ ਮਹੀਨੇ ਅਗੇਤੀ ਬੀਜੀ ਜਵੀਂ ਨੂੰ ਕੱਟ ਲਵੋ। ਜੇਕਰ ਖੇਤ ਵਿੱਚ ਬੂਈਂ (ਪੋਆ ਘਾਹ) ਬਹੁਤ ਹੋਵੇ ਤਾਂ ਜਵੀ ਦੀਆਂ ਦੋ ਕਟਾਈਆਂ ਨਾ ਲਵੋ। ਹਰੇ ਚਾਰੇ ਦੀ ਘਾਟ ਵਾਲੇ ਸਮੇਂ ਹਰਾ ਚਾਰਾ ਪ੍ਰਾਪਤ ਕਰਨ ਲਈ ਲੂਸਣ ਦੀ ਕਟਾਈ ਲਈ ਜਾ ਸਕਦੀ ਹੈ। ਝੋਨੇ ਵਾਲੀ ਫ਼ਸਲੀ ਚੱਕਰ ਵਿੱਚ ਰੇਤਲੀਆਂ ਜ਼ਮੀਨਾਂ ਵਿੱਚ ਬੀਜੀ ਬਰਸੀਮ ਦੀ ਫ਼ਸਲ ਤੇ ਮੈਗਨੀਜ਼ ਦਾ ਘਾਟ ਆ ਸਕਦੀ ਹੈ। ਇਸ ਘਾਟ ਕਾਰਨ ਵਿਚਕਾਰਲੇ ਤਣੇ ਦੇ ਪੱਤਿਆਂ ਉਪਰ ਭੂਰੇ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਬਾਅਦ ਵਿੱਚ ਸੁੱਕ ਕੇ ਝੜ ਜਾਂਦੇ ਹਨ ਅਤੇ ਪੱਤਾ ਛਾਨਣੀ-2 ਹੋ ਜਾਂਦਾ ਹੈ। ਘਾਟ ਠੀਕ ਕਰਨ ਲਈ 0.5% ਮੈਗਨੀਜ਼ ਸਲਫੇਟ (1/2 ਕਿੱਲੋ ਮੈਗਨੀਜ਼ ਸਲਫ਼ੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਛਿੜਕਾਅ ਫ਼ਸਲ ਕੱਟਣ ਉਪਰੰਤ ਦੋ ਹਫ਼ਤੇ ਦੇ ਨਵੇਂ ਫੁਟਾਰੇ ਤੇ ਕਰੋ ਅਤੇ ਹਫ਼ਤੇ-ਹਫ਼ਤੇ ਬਾਅਦ 2-3 ਛਿੜਕਾਅ ਹੋਰ ਕਰੋ। ਜੇਕਰ ਬਰਸੀਮ ਵਿੱਚ ਤਣਾ ਗਲ੍ਹਣ ਦਾ ਰੋਗ ਹੋਵੇ ਤਾਂ ਫ਼ਸਲ ਕੱਟਣ ਪਿੱਛੋਂ ਖੇਤ ਨੂੰ ਧੁੱਪ ਲੱਗਣ ਦਿਓ।

**ਸਬਜ਼ੀਆਂ**

**ਆਲੂ** : ਬੀਜ ਵਾਲੀ ਫ਼ਸਲ



ਵਿੱਚ, ਅੱਧ ਦਸੰਬਰ ਤੋਂ ਬਾਅਦ ਆਲੂਆਂ ਨੂੰ ਪਾਣੀ ਦੇਣਾ ਬੰਦ ਕਰ ਦਿਉ ਤਾਂ ਜੋ ਪਤਰਾਲ ਸੁੱਕ ਜਾਵੇ। ਮਹੀਨੇ ਦੇ ਅੰਤ ਤੇ ਜੇਕਰ 100 ਪੱਤਿਆਂ ਤੇ 20 ਤੇਲੇ ਦਿਸਣ ਤਾਂ ਪਤਰਾਲ ਕੱਟ ਦਿਉ। ਆਲੂਆਂ ਨੂੰ ਧਰਤੀ ਹੇਠ ਵਿਕਸਤ ਹੋਣ ਦਿਉ। ਪਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਆਲੂਆਂ ਦੀ ਨਵੀਂ ਫ਼ਸਲ ਤੇ ਇੰਡੋਫਿਲ ਐਮ-45/ਮਾਸ ਐਮ-45/ ਮਾਰਕਜ਼ੈਬ / ਕਵੱਚ / ਐਂਟਰਾਕੋਲ ਦਾ ਛਿੜਕਾਅ ਕਰੋ। ਜੇ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਰਿਡੋਮਿਲ ਗੋਲਡ ਜਾਂ ਕਰਜ਼ਟ ਐਮ 8 ਜਾਂ ਸੈਕਟਿਨ ਜਾਂ ਈਕੂਏਸ਼ਨ ਪ੍ਰੋ ਜਾਂ ਰੀਵਸ ਜਾਂ ਮੈਲੋਡੀ ਡਿਓ ਦਾ ਛਿੜਕਾਅ ਕਰੋ।

**ਟਮਾਟਰ** : ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਟਮਾਟਰਾਂ ਦੀ ਪਨੀਰੀ ਲਗਾ ਦਿਉ। ਸਰਕੰਡਾ ਜਾਂ ਪਲਾਸਟਿਕ ਦੀ ਸ਼ੀਟ ਬੰਨ੍ਹ ਕੇ ਬੂਟਿਆਂ ਨੂੰ ਕੋਰੇ ਤੋਂ ਬਚਾਉ। ਮਧਰੇ ਕੱਦ ਦੇ ਬੂਟੇ ਨੂੰ ਕੋਰੇ ਤੋਂ ਬਚਾਉਣ ਲਈ 100 ਗੇਜ਼ ਦੀ ਮੋਟੀ ਚਿੱਟੀ ਪਲਾਸਟਿਕ ਦੀ ਥੈਲੀ (35×25 ਸੈਂਟੀਮੀਟਰ) ਵਰਤੀ ਜਾ ਸਕਦੀ ਹੈ।

**ਮੂਲੀ, ਸ਼ਲਗਮ ਅਤੇ ਗਾਜਰ** : ਮੂਲੀ ਦੀਆਂ ਯੂਰਪੀ



ਕਿਸਮਾਂ ਦੀ ਬਿਜਾਈ ਇਸ ਮਹੀਨੇ ਦੇ ਪਹਿਲੇ ਹਫ਼ਤੇ ਖ਼ਤਮ ਕਰ ਦਿਉ। ਬੀਜ ਦੀ ਫ਼ਸਲ ਲੈਣ ਲਈ ਡੱਕ ਲਗਾ ਦਿਉ। ਬੀਜ ਲਈ ਫ਼ਸਲ ਦੇ ਡੱਕ ਲਗਾਉਣ ਤੋਂ ਪਹਿਲਾਂ 65 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਪਾਉ। ਬਿਜਾਈ ਸਮੇਂ ਡੱਕ ਕਤਾਰਾਂ ਵਿੱਚ ਲਾਉ। ਕਤਾਰਾਂ ਅਤੇ ਬੂਟਿਆਂ ਦਾ ਫ਼ਾਸਲਾ ਮੂਲੀ ਲਈ 60×22 ਸੈ.ਮੀ., ਸ਼ਲਗਮ ਲਈ 45×15 ਸੈ.ਮੀ. ਅਤੇ ਗਾਜਰ ਲਈ 45×30 ਸੈ.ਮੀ. ਰੱਖੋ।

**ਗੋਭੀ** : ਸੁਧਰੇ ਬੀਜ ਉਤਪਾਦਨ ਲਈ ਵਧੀਆ ਤੇ ਵੱਡੇ ਫੁੱਲ ਚੁਣੋ ਅਤੇ ਬਾਕੀ ਦੇ ਖੁੱਲ੍ਹੇ ਦਾਣੇਦਾਰ ਜਾਂ ਪੱਤਿਆਂ ਵਾਲੇ ਬੂਟੇ ਪੁੱਟ ਦਿਉ। ਬੂਟਿਆਂ ਨੂੰ ਫੁੱਲ ਅਤੇ ਜੜ੍ਹਾਂ ਸਮੇਤ ਪੁੱਟ ਕੇ ਮਨ ਪਸੰਦ ਜਗ੍ਹਾ ਤੇ ਲਗਾ ਦਿਉ।

**ਸੁਰੰਗਾਂ ਵਿੱਚ ਖੀਰੇ ਦੀ ਕਾਸ਼ਤ** : ਖੀਰੇ ਦੀ ਅਗੇਤੀ ਪੈਦਾਵਾਰ ਲੈਣ ਲਈ ਸੁਰੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਜਿਹਾ ਕਰਨ ਲਈ ਢਾਈ ਮੀਟਰ ਦੀਆਂ ਚੌੜੀਆਂ ਪੱਟੀਆਂ ਬਣਾ ਲਉ ਅਤੇ ਦਸੰਬਰ ਦੇ ਮਹੀਨੇ ਵਿੱਚ ਪੱਟੀਆਂ ਦੇ ਦੋਨੇ ਪਾਸੇ 45 ਸੈਂਟੀਮੀਟਰ ਦੇ ਫ਼ਾਸਲੇ ਤੇ ਖੀਰੇ ਦੇ ਬੀਜ ਲਗਾਓ। ਬਿਜਾਈ ਕਰਨ ਤੋਂ ਬਾਅਦ ਖੀਰੇ ਨੂੰ ਸੁਰੰਗਾਂ ਹੇਠ ਢੱਕ ਦਿਓ।

**ਬਾਗਬਾਨੀ** :

1. ਛੋਟੇ ਬੂਟਿਆਂ ਨੂੰ ਠੰਡ ਅਤੇ ਕੋਰੇ ਤੋਂ ਬਚਾਉਣ ਲਈ ਢੁੱਕਵੇਂ ਪ੍ਰਬੰਧ ਕਰੋ। ਛੋਟੇ ਫਲਦਾਰ ਬੂਟਿਆਂ ਨੂੰ ਇਸ ਮਹੀਨੇ ਦੇ ਹਲਕੇ ਪਾਣੀ ਲਾਓ। ਲੀਚੀ ਦੇ ਵੱਡੀ ਉਮਰ ਦੇ ਬੂਟਿਆਂ ਨੂੰ ਵੀ ਪਾਣੀ ਦਸੰਬਰ ਦੇ ਪਹਿਲੇ ਹਫ਼ਤੇ ਲਾਉਣਾ ਚਾਹੀਦਾ ਹੈ ਤਾਂ ਕਿ ਬਾਗ ਨੂੰ ਕੋਰੇ ਦੀ ਮਾਰ ਤੋਂ ਬਚਾਇਆ ਜਾ ਸਕੇ।

2. ਇਸ ਮਹੀਨੇ ਦੇ ਅੰਤ ਵਿੱਚ ਪਤਝੜੀ ਫਲਦਾਰ ਬੂਟਿਆਂ ਜਿਵੇਂ ਕਿ ਆੜੂ, ਅਲੂਚਾ, ਨਾਸ਼ਪਤੀ, ਅੰਗੂਰ, ਅੰਜੀਰ ਆਦਿ ਦੀ ਕਾਂਟ-ਛਾਂਟ ਅਤੇ ਸਿਧਾਈ ਦਾ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।

3. ਅਮਰੂਦ, ਬੇਰ, ਆਉਲਾ ਅਤੇ ਲੁਕਾਠ ਨੂੰ ਛੱਡ ਕੇ ਬਾਕੀ ਫਲਦਾਰ ਬੂਟਿਆਂ ਨੂੰ ਦੇਸੀ ਰੂੜੀ ਪਾਉਣ ਦਾ ਇਹ ਢੁੱਕਵਾਂ ਸਮਾਂ ਹੈ। ਦੇਸੀ ਰੂੜੀ ਦੇ ਨਾਲ-ਨਾਲ ਲੀਚੀ, ਆੜੂ, ਨਾਖ ਅਤੇ ਅਲੂਚਿਆਂ ਦੇ ਬੂਟਿਆਂ ਨੂੰ ਸਿਫਾਰਿਸ਼ ਕੀਤੀ ਸਿੰਗਲ ਸੁਪਰਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਵੀ ਜ਼ਰੂਰ ਪਾਓ।

4. ਪੱਤਝੜੀ ਕਿਸਮ ਦੇ ਫਲਦਾਰ ਬੂਟਿਆਂ ਦੇ ਪੱਤੇ ਸਰਦੀ ਵਿੱਚ ਝੜ ਜਾਂਦੇ ਹਨ। ਇਨ੍ਹਾਂ ਦੀ ਲੁਆਈ ਜਨਵਰੀ ਵਿੱਚ ਹੋਣੀ ਹੈ। ਇਸ ਲਈ ਦਸੰਬਰ ਮਹੀਨੇ ਠੀਕ ਤਰੀਕੇ ਨਾਲ ਯੋਜਨਾਬੰਦੀ ਅਤੇ ਵਿਉਂਤਬੰਦੀ ਕਰਕੇ ਖੇਤ ਤਿਆਰ ਕਰ ਲਵੋ।

5. ਬੇਰਾਂ ਦੇ ਫਲ ਇਸ ਮਹੀਨੇ ਵੱਧਦੇ-ਫੁੱਲਦੇ ਹਨ, ਇਸ ਲਈ ਲੋੜ ਮੁਤਾਬਿਕ ਪਾਣੀ ਦਿੰਦੇ ਰਹੋ। ਜੇਕਰ ਮੀਂਹ ਪੈ ਜਾਵੇ ਤਾਂ ਪਾਣੀ ਨਾ ਦਿਓ।

6. ਅਮਰੂਦ, ਮਾਲਟਾ ਅਤੇ ਗਰੇਪ ਫਰੂਟ ਦੇ ਫਲ ਇਸ ਮਹੀਨੇ ਤੋੜਨ ਲਈ ਤਿਆਰ ਹੋ ਜਾਂਦੇ ਹਨ। ਇਨ੍ਹਾਂ ਨੂੰ ਛਾਂਟ ਕੇ ਦਰਜਾਬੰਦੀ ਕਰਕੇ ਮੰਡੀ ਵਿੱਚ ਵੇਚੋ।

7. ਅੰਬਾਂ ਵਿੱਚ ਮਿਲੀਬੱਗ ਨੂੰ ਬੂਟਿਆਂ ਦੇ ਚੜਣ ਤੋਂ ਰੋਕਣ ਲਈ ਇਨ੍ਹਾਂ ਦੇ ਤਣਿਆਂ ਦੁਆਲੇ ਇੱਕ ਮੀਟਰ ਦੀ ਉਚਾਈ ਤੇ ਤਿਲਕਵੀਂ ਪੱਟੀ ਦਸੰਬਰ ਦੇ ਦੂਜੇ ਹਫ਼ਤੇ ਵਿੱਚ ਲਾ ਦੇਣੀ ਚਾਹੀਦੀ ਹੈ।

8. ਨਿੰਬੂ ਜਾਤੀ ਦੇ ਫਲਾਂ ਵਿੱਚ ਕੈਂਕਰ ਦੀ ਰੋਕਥਾਮ ਲਈ ਸਟਰੈਪਟੋਸਾਇਕਲੀਨ 50 ਗ੍ਰਾਮ + ਨੀਲਾ ਥੋਥਾ 25 ਗ੍ਰਾਮ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਦਸੰਬਰ ਦੇ ਮਹੀਨੇ ਦੂਜਾ ਛਿੜਕਾਅ ਕਰੋ।

**ਚੱਲਦਾ**

## ਪੀ.ਏ.ਯੂ.-ਸਰਫੇਸ ਸੀਡਰ ਨਾਲ ਕਣਕ ਬਿਜਾਈ, ਘੱਟ ਲਾਗਤ ਅਤੇ ਵੱਧ ਕਮਾਈ : ਸ. ਅਜੀਤਪਾਲ ਸਿੰਘ

**ਜਗਮਨਜੋਤ ਸਿੰਘ ਮਾਨ ਅਤੇ ਜਸਵੀਰ ਸਿੰਘ ਗਿੱਲ,**
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋਬਾਇਲ : 94929-00307)

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਦੀ ਪਰਾਲੀ ਨੂੰ ਬਿਨਾਂ ਸਾੜੇ ਜਾਂ ਵਾਹੇ, ਖੇਤਾਂ ਵਿੱਚ ਰੱਖ ਕੇ ਘੱਟ ਖਰਚੇ ਨਾਲ ਬਿਜਾਈ ਕਰਨ ਲਈ ਸਰਫੇਸ ਸੀਡਰ ਨਾਮਕ ਮਸ਼ੀਨ ਦੀ ਸਿਫ਼ਾਰਸ਼ ਸਾਲ 2023 ਦੌਰਾਨ ਕੀਤੀ ਗਈ ਸੀ। ਇਸ ਤਕਨੀਕ ਨਾਲ ਬਿਜਾਈ ਕਰਨ ਵਾਲੇ ਮੋਹਰੀ ਕਿਸਾਨਾਂ ਵਿੱਚ ਸ. ਅਜੀਤਪਾਲ ਸਿੰਘ (ਪੁੱਤਰ ਸ. ਸਫ਼ਲ ਸਿੰਘ) ਪਿੰਡ ਡੂਮਛੇੜੀ, ਬਲਾਕ ਮੋਰਿੰਡਾ, ਜ਼ਿਲਾ ਰੋਪੜ ਵੀ ਸ਼ਾਮਲ ਹੈ। ਸ. ਅਜੀਤਪਾਲ ਸਿੰਘ ਲਗਭਗ 32 ਕਿਲ੍ਹਿਆਂ ਵਿੱਚ ਮੁੱਖ ਤੌਰ ਤੇ ਝੋਨਾ, ਕਣਕ ਪਰ ਕੁੱਝ ਰਕਬੇ ਵਿੱਚ ਹਲਦੀ ਅਤੇ ਕਮਾਦ ਦੀ ਖੇਤੀ ਕਰਦਾ ਹੈ। ਸਾਲ 2023 ਤੱਕ ਉਹ ਪੀ. ਏ. ਯੂ. ਦੁਆਰਾ ਸਿਫ਼ਾਰਸ਼ ਹੈਪੀ ਸੀਡਰ ਰਾਹੀਂ ਕਣਕ ਦੀ ਬਿਜਾਈ ਕਰਕੇ ਚੰਗਾ ਝਾੜ ਪ੍ਰਾਪਤ ਕਰਦਾ ਰਿਹਾ ਹੈ। ਇਸੇ ਸਾਲ ਦੌਰਾਨ ਉਸ ਵੱਲੋਂ 4 ਕਿਲ੍ਹੇ ਜਗ੍ਹਾ ਉੱਪਰ ਤਜ਼ਰਬੇ ਦੇ ਤੌਰ ਤੇ ਝੋਨੇ ਦੀ ਵਾਢੀ ਕਰਨ ਤੋਂ ਬਾਅਦ ਕਣਕ ਦੇ ਬੀਜ ਅਤੇ ਡੀ ਏ ਪੀ ਦਾ ਛਿੱਟਾ ਦੇ ਕੇ ਮਲਚਰ ਚਲਾ ਕੇ ਬਿਜਾਈ ਕੀਤੀ ਗਈ। ਇਸ ਤਜ਼ਰਬੇ ਵਿੱਚ ਉਹਨਾਂ ਨੂੰ ਹੈਪੀ ਸੀਡਰ ਨਾਲ ਬਿਜਾਈ ਕੀਤੀ ਕਣਕ ਨਾਲੋਂ ਲਗਭਗ 1.5 ਕੁਇੰਟਲ ਪ੍ਰਤੀ ਏਕੜ ਜ਼ਿਆਦਾ ਝਾੜ ਪ੍ਰਾਪਤ ਹੋਇਆ। ਸਾਲ 2024 ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਉਸ ਨੇ ਆਪਣੀ ਸਰਫੇਸ ਸੀਡਰ ਮਸ਼ੀਨ ਖਰੀਦਣ ਦਾ ਫੈਸਲਾ ਕੀਤਾ। ਉਸ ਨੇ ਨਵਾਂ ਸਰਫੇਸ ਸੀਡਰ 95,000 ਰੁਪਏ ਦੀ ਲਾਗਤ ਨਾਲ ਖਰੀਦਿਆ, ਜਿਸ ਵਿੱਚ ਉਸ ਨੂੰ ਲਗਭਗ 40,000 ਰੁਪਏ ਦੀ ਸਬਸਿਡੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਸਰਕਾਰ ਤੋਂ ਪ੍ਰਾਪਤ ਹੋਈ। ਇਸ ਕਿਸਾਨ ਨੇ ਸਾਲ 2024-25 ਦੇ ਹਾੜ੍ਹੀ ਦੇ ਸੀਜ਼ਨ ਦੌਰਾਨ 26 ਏਕੜ ਉੱਪਰ ਸਰਫੇਸ ਸੀਡਰ ਨਾਲ ਪੀ. ਬੀ. ਡਬਲਯੂ. 826 ਕਣਕ ਦੀ ਬਿਜਾਈ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਦੀ ਨਿਗਰਾਨੀ ਹੇਠ ਕੀਤੀ। ਉਸ ਨੇ ਨਵੰਬਰ ਦੇ ਪਹਿਲੇ ਹਫ਼ਤੇ ਦੌਰਾਨ ਕਣਕ ਦੀ ਬਿਜਾਈ ਕਰਨ ਲਈ 45 ਕਿਲੋ ਸੋਧਿਆ ਬੀਜ ਅਤੇ 65 ਕਿਲੋ ਡੀ ਏ ਪੀ ਪ੍ਰਤੀ ਏਕੜ ਦੀ ਵਰਤੋਂ ਕੀਤੀ। ਇਸ ਕਿਸਾਨ ਮੁਤਾਬਿਕ ਇਸ ਤਕਨੀਕ ਨਾਲ ਕਣਕ ਦਾ ਪੁੰਗਾਰਾ ਪਰਾਲੀ ਵਿੱਚੋਂ ਤਕਰੀਬਨ ਇੱਕ ਹਫ਼ਤੇ ਬਾਅਦ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ। ਸ. ਅਜੀਤਪਾਲ ਸਿੰਘ ਇਹ ਵੀ ਦੱਸਦਾ ਹੈ ਕਿ ਇਸ ਮਸ਼ੀਨ ਨੂੰ 40 ਹਾਰਸ ਪਾਵਰ ਟਰੈਕਟਰ ਨਾਲ ਚਲਾ ਕੇ ਇੱਕ ਘੰਟੇ ਵਿੱਚ 1.5 ਏਕੜ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਉਸ ਦੇ ਮੁਤਾਬਿਕ ਇਸ ਤਕਨੀਕ ਨਾਲ ਲਗਭਗ 250-300 ਰੁਪਏ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ। ਸ. ਅਜੀਤਪਾਲ ਸਿੰਘ ਵੱਲੋਂ ਇਸ ਤਕਨੀਕ ਨੂੰ ਅਪਣਾ ਕੇ ਇੱਕ ਏਕੜ ਵਿੱਚੋਂ ਕਣਕ ਦਾ 22.5 ਕੁਇੰਟਲ ਝਾੜ ਪ੍ਰਾਪਤ ਕੀਤਾ ਗਿਆ ਹੈ।

**ਨਿੱਜੀ ਤਜ਼ਰਬੇ** :

1. ਝੋਨੇ ਦੀ ਵਾਢੀ ਲਈ ਕੰਬਾਇਨ ਦੇ ਸੁਪਰ ਐਮ ਐਸ ਲੱਗਾ ਹੋਵੇ ਜਾਂ ਕੰਬਾਇਨ ਵਿੱਚੋਂ ਨਿਕਲੇ ਪਰਾਲ ਨੂੰ ਤਰੰਗਲੀ ਜਾਂ ਕਿਸੇ ਹੋਰ ਸਾਧਨ ਨਾਲ ਇੱਕ ਸਾਰ ਖਿਲਾਰ ਲਿਆ ਜਾਵੇ।

2. ਝੋਨੇ ਦੇ ਖੇਤ ਵਿੱਚ ਅਖੀਰਲਾ ਪਾਣੀ ਇਸ ਤਰ੍ਹਾਂ ਲਗਾਉ ਕਿ ਵਾਢੀ ਸਮੇਂ ਖੇਤ ਖੁਸ਼ਕ ਹੋਵੇ ਤਾਂ ਜੋ ਕੰਬਾਇਨ ਦੇ ਟਾਇਰਾਂ ਦੀਆਂ ਲੀਹਾਂ ਖੇਤ ਵਿੱਚ ਨਾ ਪੈਣ।

3. ਖੇਤ ਵਿੱਚ ਪਏ ਕਣਕ ਦੇ ਬੀਜ ਨੂੰ ਪਰਾਲੀ ਨਾਲ ਢੱਕਣ ਦੇ ਨਾਲ ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਨਾਲ ਸੋਧਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਪੰਛੀਆਂ ਦੇ ਦਾਣੇ ਚੁਗਣ, ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕੇ।

4. ਕਣਕ ਦੀ ਬਿਜਾਈ ਸਮੇਂ ਸਰਫੇਸ ਸੀਡਰ ਨੂੰ ਜ਼ਮੀਨ ਦੀ ਤਹਿ ਤੋਂ 4-5 ਇੰਚ ਉੱਚਾ ਰੱਖ ਕੇ ਸਹੀ ਰਫ਼ਤਾਰ ਨਾਲ ਚਲਾਇਆ ਜਾਵੇ ਤਾਂ ਖਾਦ ਇੱਕਸਾਰ ਅਤੇ ਸਹੀ ਮਾਤਰਾ ਵਿੱਚ ਪੈ ਸਕੇ।

5. ਲਗਭਗ 15 ਏਕੜ ਦੀ ਬਿਜਾਈ ਉਪਰੰਤ ਮਸ਼ੀਨ ਦੇ ਬਲੇਡਾਂ ਨੂੰ ਗਰਾਈਂਡਰ ਨਾਲ ਤਿੱਖਾ ਕਰਨਾ ਚਾਹੀਦਾ ਹੈ।

ਸ. ਅਜੀਤਪਾਲ ਸਿੰਘ ਮੁਤਾਬਿਕ ਇਹ ਤਕਨੀਕ ਘੱਟ ਲਾਗਤ ਦੇ ਨਾਲ-ਨਾਲ ਵਾਤਾਵਰਨ ਪੱਖੀ ਵੀ ਹੈ। ਸ. ਅਜੀਤਪਾਲ ਸਿੰਘ ਵੱਲੋਂ ਇਸ ਤਕਨੀਕ ਨੂੰ ਬਾਖੂਬੀ ਅਪਣਾਉਂਦੇ ਦੇਖ ਪਿੰਡ ਦੇ ਕਈ ਹੋਰ ਕਿਸਾਨਾਂ ਨੇ ਇਸ ਤਕਨੀਕ ਨੂੰ ਅਪਣਾ ਕੇ ਕਣਕ ਦੀ ਬਿਜਾਈ ਕਰਨੀ ਸ਼ੁਰੂ ਕੀਤੀ ਹੈ। ਸ. ਅਜੀਤਪਾਲ ਸਿੰਘ ਦੀ ਅਣਥੱਕ ਮਿਹਨਤ ਹੋਰ ਕਿਸਾਨਾਂ ਨੂੰ ਵੀ ਇਸ ਤਕਨੀਕ ਅਪਣਾਉਣ ਲਈ ਪ੍ਰੇਰਿਤ ਕਰ ਰਹੀ ਹੈ।

No.1
RURAL WEEKLY
Now Think Before Advertising
KHETI DUNIYAN RETAINS
LEADERSHIP
IN
READERSHIP





KHETI DUNIYAN
VOICE OF THE FARMERS
KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

RNI/PUNPUN00806 (42269/83) Postage Registered No. PB/PTA/0338/2025-2027

### ਪੰਜਾਬ ਗੰਨੇ ਦਾ ਸਭ ਤੋਂ ਵੱਧ ਭਾਅ ਦੇਣ ਦੇ ਮਾਮਲੇ ਵਿੱਚ ਦੇਸ਼ 'ਚ ਮੋਹਰੀ

# ਮੁੱਖ ਮੰਤਰੀ ਵੱਲੋਂ ਗੰਨੇ ਦਾ ਭਾਅ ਵਧਾ ਕੇ 416 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ

## ਦੀਨਾਨਗਰ ਵਿਖੇ ਨਵੀਂ ਖੰਡ ਮਿੱਲ ਅਤੇ ਕੋ-ਜੈਨਰੇਸ਼ਨ ਪਲਾਂਟ ਦਾ ਕੀਤਾ ਉਦਘਾਟਨ

ਦੇਸ਼ ਭਰ ਵਿੱਚ ਗੰਨਾ ਕਾਸ਼ਤਕਾਰਾਂ ਨੂੰ ਸਭ ਤੋਂ ਵੱਧ ਭਾਅ ਦੇਣ ਦੀ ਰੀਤ ਨੂੰ ਬਰਕਰਾਰ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਗਾਮੀ ਪਿੜਾਈ ਸੀਜ਼ਨ ਲਈ ਗੰਨੇ ਦਾ ਭਾਅ ਵਧਾ ਕੇ 416 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕੀਤਾ ਹੈ, ਜੋ ਸੂਬੇ ਭਰ ਦੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦਰਸਾਉਂਦਾ ਹੈ ।

ਦੀਨਾਨਗਰ ਵਿਖੇ ਨਵੀਂ ਖੰਡ ਮਿੱਲ ਅਤੇ ਕੋ-ਜੈਨਰੇਸ਼ਨ ਪਲਾਂਟ ਦਾ ਉਦਘਾਟਨ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਗੰਨੇ ਦਾ ਸਭ ਤੋਂ ਵੱਧ ਭਾਅ ਦੇਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਕੌਮੀ ਪੱਧਰ 'ਤੇ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਦੇਸ਼ ਭਰ 'ਚੋਂ ਸਭ ਤੋਂ ਵੱਧ ਭਾਅ ਦੇਣ ਨਾਲ ਕਿਸਾਨਾਂ ਨੂੰ ਵੱਡਾ ਫਾਇਦਾ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਆਪਣੇ ਕਿਸਾਨਾਂ ਨੂੰ ਦੇਸ਼ ਭਰ 'ਚੋਂ ਗੰਨੇ ਦਾ ਸਭ ਤੋਂ ਵੱਧ ਭਾਅ ਦਿੰਦਾ ਰਿਹਾ ਹੈ, ਜਿਸ ਨੂੰ ਉਨ੍ਹਾਂ ਦੀ ਸਰਕਾਰ ਨੇ ਬਰਕਰਾਰ ਰੱਖਿਆ ਹੈ।

ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਇਸ ਕਿਸਾਨ-ਪੱਖੀ ਪਹਿਲ ਨਾਲ ਕਿਸਾਨਾਂ ਖਾਸ ਕਰ ਕੇ ਸਰਹੱਦੀ ਜ਼ਿਲ੍ਹਿਆਂ ਦੇ ਕਿਸਾਨਾਂ, ਜਿੱਥੇ ਗੰਨਾ ਇੱਕ ਮੁੱਖ ਫਸਲ ਹੈ, ਨੂੰ ਵੱਡਾ ਫਾਇਦਾ ਹੋਵੇਗਾ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਗੰਨਾ, ਫ਼ਸਲੀ ਵਿਭਿੰਨਤਾ ਦਾ ਆਧਾਰ ਹੈ, ਜੋ ਸੂਬੇ ਦੇ ਫਸਲੀ ਵਿਭਿੰਨਤਾ ਯਤਨਾਂ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਗੰਨੇ ਨੂੰ ਪਾਣੀ ਦੀ ਜ਼ਿਆਦਾ ਖ਼ਪਤ ਵਾਲੀਆਂ ਫਸਲਾਂ ਦੇ ਵਿਹਾਰਕ ਬਦਲ ਵਜੋਂ ਮਾਨਤਾ ਦੇਵੇ ਅਤੇ ਗੰਨੇ ਦੀ ਖੇਤੀ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰੇ।

ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਗੁਰਦਾਸਪੁਰ



ਵਿਖੇ ਨਵੀਂ ਸਹਿਕਾਰੀ ਖੰਡ ਮਿੱਲ ਲੋਕਾਂ ਨੂੰ ਸਮਰਪਿਤ ਕੀਤੀ ਹੈ, ਜੋ ਸੂਬੇ ਦੇ ਸਹਿਕਾਰੀ ਅਤੇ ਖੇਤੀਬਾੜੀ-ਉਦਯੋਗਿਕ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ 1980 ਵਿੱਚ 1,250 ਟੀਸੀਡੀ ਦੀ ਸ਼ੁਰੂਆਤੀ ਪਿੜਾਈ ਸਮਰੱਥਾ ਤੋਂ ਸ਼ੁਰੂ ਹੋ ਕੇ ਇਸ ਮਿੱਲ ਨੂੰ 1987 ਵਿੱਚ ਵਧਾ ਕੇ 2,000 ਟੀਸੀਡੀ ਤੱਕ ਕਰ ਦਿੱਤਾ ਗਿਆ ਸੀ, ਇਹ ਮਿੱਲ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਗੰਨਾ ਕਾਸ਼ਤਕਾਰਾਂ ਲਈ ਮਹੱਤਵਪੂਰਨ ਕੰਮ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਇਸ ਖਿੱਤੇ ਵਿੱਚ ਮੌਜੂਦਾ ਸਮੇਂ ਲਗਪਗ 80 ਲੱਖ ਕੁਇੰਟਲ ਗੰਨਾ ਪੈਦਾ ਹੁੰਦਾ ਹੈ ਅਤੇ ਇਸਦੇ ਮੁਕਾਬਲੇ ਪਹਿਲਾਂ ਮਿੱਲ ਦੀ ਪ੍ਰਤੀ ਸੀਜ਼ਨ ਪਿੜਾਈ ਸਮਰੱਥਾ ਸਿਰਫ਼ 25 ਲੱਖ ਕੁਇੰਟਲ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਪਾੜੇ ਨੂੰ ਪੂਰਨ ਲਈ ਇਸਦੇ ਆਧੁਨਿਕੀਕਰਨ ਦਾ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਮਿੱਲ ਦੀ ਪਿੜਾਈ ਸਮਰੱਥਾ 5,000 ਟੀਸੀਡੀ ਤੱਕ ਵਧਾਈ ਗਈ ਹੈ, ਜੋ ਖਿੱਤੇ ਵਿੱਚ ਗੰਨੇ ਦੀ ਫ਼ਸਲ ਦੀ ਸਮੇਂ ਸਿਰ ਅਤੇ ਕੁਸ਼ਲ ਢੰਗ ਨਾਲ ਪਿੜਾਈ ਨੂੰ ਯਕੀਨੀ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਨਵਾਂ ਸ਼ੂਗਰ ਕੰਪਲੈਕਸ ਪ੍ਰੋਸੈਸਿੰਗ ਸਮਰੱਥਾ ਅਤੇ ਕਿਸਾਨਾਂ ਦੀ ਆਮਦਨ ਨੂੰ ਵਧਾਉਂਦਿਆਂ ਗੰਨੇ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਏਗਾ। ਇਸ ਦੇ ਨਾਲ ਹੀ ਖੰਡ ਦੀ ਗੁਣਵੱਤਾ ਵਿੱਚ ਸੁਧਾਰ ਦੇ ਨਾਲ-ਨਾਲ ਆਵਾਜਾਈ ਦੇ ਖ਼ਰਚੇ ਨੂੰ ਵੀ ਘਟਾਏਗਾ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਸ ਨਾਲ ਖਿੱਤੇ ਦੇ ਹਜ਼ਾਰਾਂ ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਰੋਜ਼ਗਾਰ ਮਿਲਣ ਤੋਂ ਇਲਾਵਾ ਟਿਕਾਊ ਮਾਲੀਆ ਸਰੋਤ ਵੀ ਪੈਦਾ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਦੇ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ, ਪੇਂਡੂ ਉਦਯੋਗ ਨੂੰ ਹੁਲਾਰਾ ਦੇਣ ਅਤੇ ਕਿਸਾਨਾਂ ਦੀ ਖੁਸ਼ਹਾਲੀ ਤੇ ਸਾਫ਼ ਊਰਜਾ ਉਤਪਾਦਨ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਇੱਕ ਅਤਿ-ਆਧੁਨਿਕ ਸਲਫਰ ਰਹਿਤ ਰਿਫਾਈਂਡ ਸ਼ੂਗਰ ਪਲਾਂਟ ਵੀ ਸਥਾਪਿਤ ਕੀਤਾ ਗਿਆ ਹੈ, ਜੋ ਪ੍ਰੀਮੀਅਮ-ਗ੍ਰੇਡ ਖੰਡ ਪੈਦਾ ਕਰਨ ਦੇ ਸਮਰੱਥ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇੱਕ ਹੋਰ ਮੁੱਖ ਵਿਸ਼ੇਸ਼ਤਾ 28.5 ਮੈਗਾਵਾਟ ਸਹਿ-ਉਤਪਾਦਨ ਪਾਵਰ ਪਲਾਂਟ ਦਾ ਕਾਰਜਸ਼ੀਲ ਹੋਣਾ ਹੈ, ਜੋ ਕਿ ਪੀਐਸਪੀਸੀਐਲ ਨੂੰ 20 ਮੈਗਾਵਾਟ ਵਾਧੂ ਬਿਜਲੀ ਨਿਰਯਾਤ ਕਰਨ ਲਈ ਤਿਆਰ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਬਿਜਲੀ ਨਿਰਯਾਤ ਤੋਂ ਹਰੇਕ ਪਿੜਾਈ ਸੀਜ਼ਨ ਦੌਰਾਨ ਲਗਪਗ 20 ਕਰੋੜ ਰੁਪਏ ਸਾਲਾਨਾ ਮਾਲੀਆ ਪੈਦਾ ਹੋਣ ਦਾ ਅਨੁਮਾਨ ਹੈ, ਜਿਸ ਨਾਲ ਮਿੱਲ ਦੀ ਵਿੱਤੀ ਸਥਿਰਤਾ ਨੂੰ ਕਾਫ਼ੀ ਮਜ਼ਬੂਤੀ ਮਿਲੇਗੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਵਿਸਥਾਰ ਨਾਲ ਪੂਰੇ ਖੇਤਰ ਦੇ ਗੰਨਾ ਉਤਪਾਦਕਾਂ ਨੂੰ ਸਿੱਧਾ ਲਾਭ ਹੋਵੇਗਾ ਅਤੇ ਮਿੱਲ ਨੂੰ ਗੰਨਾ ਸਪਲਾਈ ਕਰਨ ਵਾਲੇ ਕਿਸਾਨਾਂ ਦੀ ਗਿਣਤੀ 2,850 ਉਤਪਾਦਕਾਂ ਤੋਂ ਵਧ ਕੇ ਲਗਪਗ 7,025 ਉਤਪਾਦਕਾਂ ਤੱਕ ਪਹੁੰਚਣ ਦੀ ਉਮੀਦ ਹੈ।

## ਪਰਾਲੀ ਤੋਂ ਹਰ ਸਾਲ 270 ਕਰੋੜ ਦੀ ਊਰਜਾ ਬਣ ਸਕਦੀ ਹੈ : ਆਈ.ਬੀ.ਏ.

ਭਾਰਤੀ ਬਾਇਓਗੈਸ ਐਸੋਸੀਏਸ਼ਨ (ਆਈ. ਬੀ. ਏ.) ਨੇ ਕਿਹਾ ਕਿ ਕਿਸਾਨਾਂ ਵੱਲੋਂ ਅਜੇ ਸਾੜੀ ਜਾ ਰਹੀ 73 ਲੱਖ ਟਨ ਝੋਨੇ ਦੀ ਪਰਾਲੀ ਦੀ ਜੇਕਰ ਬਾਇਓਗੈਸ ਪਲਾਂਟ ਵਿੱਚ ਵਰਤੋਂ ਕੀਤੀ ਜਾਵੇ ਤਾਂ ਇਸ ਨਾਲ ਹਰ ਸਾਲ ਕਰੀਬ 270 ਕਰੋੜ ਰੁਪਏ ਕੀਮਤ ਦੀ ਨਵਿਆਉਣਯੋਗ ਗੈਸ ਪੈਦਾ ਕੀਤੀ ਜਾ ਸਕਦੀ ਹੈ ।

ਆਈ. ਬੀ. ਏ. ਦੇ ਬਿਆਨ ਅਨੁਸਾਰ ਅਤਿ-ਆਧੁਨਿਕ ਐਨਾਇਰੋਬਿਕ ਡਾਇਜੈਸ਼ਨ ਪ੍ਰਕਿਰਿਆ, ਇਸ ਖੇਤੀਬਾੜੀ ਰਹਿੰਦ-ਖੂੰਹਦ ਨੂੰ ਬਹੁਤ ਪ੍ਰਭਾਵੀ ਢੰਗ ਨਾਲ ਕੰਪ੍ਰੈਸਡ ਬਾਇਓਗੈਸ (ਸੀ. ਬੀ. ਜੀ.) ਵਿੱਚ ਬਦਲ ਸਕਦੀ ਹੈ, ਜੋ ਦਰਾਮਦੀ ਕੁਦਰਤੀ ਗੈਸ ਦੀ ਸਿੱਧੀ ਜਗ੍ਹਾ ਲੈ ਸਕਦੀ ਹੈ । ਬਿਆਨ ਵਿੱਚ ਇਹ ਵੀ ਕਿਹਾ ਗਿਆ ਕਿ ਊਰਜਾ ਉਤਪਾਦਨ ਤੋਂ ਇਲਾਵਾ ਝੋਨੇ ਦੀ ਪਰਾਲੀ 40 ਫੀਸਦੀ ਸੈਲੂਲੋਜ਼ ਸਮੱਗਰੀ ਹੋਣ ਕਾਰਨ ਬਾਇਓ ਈਥੇਨਾਲ ਬਣਾਉਣ ਲਈ ਵੀ ਬਹੁਤ ਚੰਗੀ ਹੈ ।

ਆਈ. ਬੀ. ਏ. ਨੇ ਦਾਅਵਾ ਕੀਤਾ ਕਿ ਇਸ ਨਾਲ ਲਗਭਗ 1,600 ਕਰੋੜ ਰੁਪਏ ਦੀ ਦਰਾਮਦ ਬਦਲ ਦੀ ਸੰਭਾਵਨਾ ਹੈ । ਨਾਲ ਹੀ, ਬਾਕੀ 20 ਫੀਸਦੀ ਲਿਗਨਿਨ ਕੰਪੋਨੈਂਟਸ ਨਾਲ ਉੱਚ-ਮੁੱਲ ਵਾਲੇ ਉਤਪਾਦ ਤਿਆਰ ਕੀਤੇ ਜਾ ਸਕਦੇ ਹਨ ।

ਆਈ. ਬੀ. ਏ. ਦੇ ਚੇਅਰਮੈਨ ਗੌਰਵ ਕੇਡੀਆ ਨੇ ਕਿਹਾ ਕਿ, "ਇਹ ਨੀਤੀ 2028-29 ਤੱਕ 37,500 ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕਰ ਸਕਦੀ ਹੈ ਅਤੇ ਦੇਸ਼ ਵਿੱਚ 750 ਸੀ. ਬੀ. ਜੀ. ਪਲਾਂਟ ਸਥਾਪਤ ਕਰਨ ਵਿੱਚ ਮੱਦਦ ਕਰੇਗੀ ।"

## ਸੂਬੇ ਵਿੱਚ ਆਉਂਦੇ ਦਿਨਾਂ ਵਿੱਚ ਕੋਹਰਾ ਪੈਣ ਤੇ ਸ਼ੀਤ ਲਹਿਰ ਚੱਲਣ ਦੀ ਸੰਭਾਵਨਾ

ਸੂਬੇ ਵਿੱਚ ਨਵੰਬਰ ਮਹੀਨੇ ਦੇ ਅੱਧ ਗੁਜ਼ਰਨ ਤੋਂ ਬਾਅਦ ਸਵੇਰ ਤੇ ਸ਼ਾਮ ਦੇ ਤਾਪਮਾਨ ਵਿੱਚ ਲਗਭਗ 12 ਤੋਂ 18 ਡਿਗਰੀ ਤਾਪਮਾਨ ਦਾ ਅੰਤਰ ਪੈਣਾ ਸ਼ੁਰੂ ਹੋ ਗਿਆ ਹੈ । ਸੂਬੇ ਵਿੱਚ ਬਿਜਲੀ ਦੀ ਮੰਗ ਪਿਛਲੇ ਸਾਲ 2024 ਨਾਲੋਂ ਲਗਪਗ 800 ਮੈਗਾਵਾਟ ਅਤੇ 2023 ਨਾਲੋਂ ਕਰੀਬ 1300 ਮੈਗਾਵਾਟ ਜ਼ਿਆਦਾ ਚੱਲ ਰਹੀ ਹੈ । ਇੱਕ ਪਾਸੇ ਸੂਬਾ ਵਾਸੀ ਜਿੱਥੇ ਠੰਢ ਦੀ ਉਡੀਕ ਕਰ ਰਹੇ ਹਨ ਉੱਥੇ ਹੀ ਮੌਸਮ ਦੀ ਇਸ ਕਰਵਟ ਨਾਲ ਬਹੁਤਿਆਂ ਨੂੰ ਸਰਦੀ, ਜ਼ੁਕਾਮ, ਬੁਖ਼ਾਰ, ਸਿਰ ਤੇ ਪੇਟ ਦਰਦ ਵਰਗੀਆਂ ਬਿਮਾਰੀਆਂ ਨੇ ਘੇਰ ਲਿਆ ਹੈ । ਮੌਸਮ ਵਿਭਾਗ ਦੀ ਮੰਨੀਏ ਤਾਂ ਜਿੱਥੇ ਅਗਲੇ ਹਫ਼ਤੇ ਠੰਢ ਵੱਧ ਸਕਦੀ ਹੈ ਉੱਥੇ ਹੀ ਆਉਦੇ ਕੁੱਝ ਦਿਨਾਂ ਵਿੱਚ ਪ੍ਰਸ਼ਾਂਤ ਮਹਾਂਸਾਗਰ ਵਿੱਚੋਂ 'ਲਾ-ਨੀਨਾ' ਜਲਵਾਯੂ ਦੇ ਰਫਤਾਰ ਫੜਨ ਨਾਲ ਸਵੇਰ ਤੇ ਸ਼ਾਮ ਸਮੇਂ ਥੋੜ੍ਹਾ ਕੋਹਰਾ ਵੀ ਪੈਣਾ ਸ਼ੁਰੂ ਹੋ ਸਕਦਾ ਹੈ ।

'ਲਾ-ਨੀਨਾ' ਜਲਵਾਯੂ ਦੇ ਅਸਰ ਕਾਰਨ ਜਿੱਥੇ ਮੌਨਸੂਨ ਦੌਰਾਨ ਜ਼ਿਆਦਾ ਬਾਰਸ਼ ਪੈਂਦੀ ਹੈ ਉੱਥੇ ਹੀ ਇਹ ਜਲਵਾਯੂ ਠੰਢ ਵਿੱਚ ਠੰਢੀਆਂ ਹਵਾਵਾਂ ਨੂੰ ਹੋਰ ਤੇਜ਼ ਕਰ ਦਿੰਦਾ ਹੈ । ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਠੰਢ ਜੇਕਰ ਛੇਤੀ ਆਵੇਗੀ ਤਾਂ ਇਸ ਦਾ ਅਰਥ ਵੀ ਇਸ ਜਲਵਾਯੂ ਅਨੁਸਾਰ ਫਰਵਰੀ ਤੱਕ ਦੇਖਣ ਨੂੰ ਮਿਲ ਸਕਦਾ ਹੈ । ਇਸ ਨਾਲ ਦਸੰਬਰ ਤੋਂ ਜਨਵਰੀ ਮਹੀਨੇ ਦੌਰਾਨ ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਤਾਪਮਾਨ ਆਮ ਨਾਲੋਂ ਹੇਠਾਂ ਜਾਣ ਦੀ ਪੇਸ਼ੀਨਗੋਈ ਹੈ ਜਿਸ ਦਾ ਕਾਰਨ 'ਲਾ-ਨੀਨਾ' ਜਲਵਾਯੂ ਦਾ ਮੰਨਿਆ ਜਾ ਰਿਹਾ ਹੈ । ਭਾਰਤੀ ਮੌਸਮ ਵਿਭਾਗ ਦੇ ਅਨੁਮਾਨ ਮੁਤਾਬਿਕ ਦਸੰਬਰ ਵਿੱਚ ਰਾਤ ਦਾ ਤਾਪਮਾਨ ਜਿੱਥੇ ਆਮ ਨਾਲੋਂ 2 ਡਿਗਰੀ ਹੇਠਾਂ ਜਾ ਸਕਦਾ ਹੈ ਉੱਥੇ ਹੀ ਇਸ ਵਾਰ ਦਿੱਲੀ, ਹਰਿਆਣਾ, ਪੰਜਾਬ ਤੇ ਰਾਜਸਥਾਨ ਸਮੇਤ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਿੱਚ ਠੰਢ ਦਾ ਅਸਰ ਸਭ ਤੋਂ ਵੱਧ ਮਹਿਸੂਸ ਹੋਵੇਗਾ ।




# ਪੰਜਾਬ ਵਿੱਚ ਪਿਛਲੇ ਸਾਲ ਦੇ ਮੁਕਾਬਲੇ 50 ਫੀਸਦੀ ਘੱਟ ਲੱਗੀ ਪਰਾਲੀ ਨੂੰ ਅੱਗ

★ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਆਏ 5088 ਮਾਮਲੇ ★ ਇਨਸਿਟੂ ਤੇ ਐਕਸਿਟੂ ਪਰਾਲੀ ਪ੍ਰਬੰਧਨ ਦਾ ਦਿਸਿਆ ਅਸਰ

ਕਿਸਾਨਾਂ ਵਿੱਚ ਆਈ ਜਾਗਰੂਕਤਾ, ਵਿਭਾਗ ਵੱਲੋਂ ਪਰਾਲੀ ਪ੍ਰਬੰਧਨ ਲਈ ਸਬਸਿਡੀ 'ਤੇ ਦਿੱਤੀਆਂ ਜਾਣ ਵਾਲੀਆਂ ਮਸ਼ੀਨਾਂ ਅਤੇ ਪ੍ਰਸ਼ਾਸਨ ਦੀ ਸਖਤੀ ਦਾ ਅਸਰ ਇਸ ਵਾਰ ਝੋਨੇ ਦੀ ਵਾਢੀ ਦੇ ਸੀਜ਼ਨ ਦੌਰਾਨ ਸਾਫ਼-ਸਾਫ਼ ਦਿਸਿਆ ਹੈ । ਇਸ ਸਭ ਦੇ ਨਤੀਜੇ ਵਜੋਂ ਪੰਜਾਬ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ 23 ਨਵੰਬਰ ਤੱਕ ਝੋਨੇ ਦੀ ਪਰਾਲੀ ਸਾੜਨ ਦੇ ਮਾਮਲੇ 50 ਫੀਸਦੀ ਤੱਕ ਘੱਟ ਦਰਜ ਕੀਤੇ ਗਏ ਹਨ । ਪ੍ਰਦੂਸ਼ਣ ਵਿਭਾਗ ਵੱਲੋਂ ਜਾਰੀ ਕੀਤੇ ਗਏ ਸੈਟੇਲਾਈਟ ਅੰਕੜਿਆਂ ਮੁਤਾਬਕ 2024 ਦੇ ਪੈਡੀ ਸੀਜ਼ਨ ਦੌਰਾਨ ਝੋਨੇ ਦੀ ਰਹਿੰਦ-ਖੂੰਹਦ ਖੇਤਾਂ ਵਿੱਚ

**23 ਨਵੰਬਰ 2025 ਤੱਕ ਪੰਜਾਬ ਵਿੱਚ ਜ਼ਿਲ੍ਹਾਵਾਰ ਆਏ ਝੋਨੇ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਸਾੜਨ ਦੇ ਮਾਮਲੇ**

| | |
|---|---|
| ਅੰਮ੍ਰਿਤਸਰ | 315 |
| ਬਰਨਾਲਾ | 105 |
| ਬਠਿੰਡਾ | 368 |
| ਫਰੀਦਕੋਟ | 132 |
| ਫਤਿਹਗੜ੍ਹ ਸਾਹਿਬ | 49 |
| ਫਾਜ਼ਿਲਕਾ | 265 |
| ਫਿਰੋਜ਼ਪੁਰ | 547 |
| ਗੁਰਦਾਸਪੁਰ | 85 |
| ਹੁਸ਼ਿਆਰਪੁਰ | 17 |
| ਜਲੰਧਰ | 83 |
| ਕਪੂਰਥਲਾ | 136 |
| ਲੁਧਿਆਣਾ | 218 |
| ਮਾਲੇਰਕੋਟਲਾ | 91 |
| ਮਾਨਸਾ | 304 |
| ਮੋਗਾ | 330 |
| ਮੁਕਤਸਰ | 372 |
| ਪਠਾਨਕੋਟ | 1 |
| ਪਟਿਆਲਾ | 235 |
| ਰੂਪਨਗਰ | - |
| ਸੰਗਰੂਰ | 695 |
| ਐਸ. ਏ. ਐਸ. ਨਗਰ | 29 |
| ਐਸ. ਬੀ. ਐਸ. ਨਗਰ | 15 |
| ਤਰਨਤਾਰਨ | 696 |
| **ਕੁੱਲ ਮਾਮਲੇ** | **5088** |

ਸਾੜਨ ਦੇ 10,805 ਮਾਮਲੇ ਸਾਹਮਣੇ ਆਏ ਸਨ, ਜਦੋਂਕਿ ਇਸ ਸਾਲ ਸਿਰਫ 5088 ਮਾਮਲੇ ਹੀ ਸਾਹਮਣੇ ਆਏ ਹਨ । ਇਨ੍ਹਾਂ ਵਿੱਚੋਂ 5022 ਮਾਮਲਿਆਂ ਵਿੱਚ ਪ੍ਰਸ਼ਾਸਨਿਕ ਟੀਮਾਂ ਨੇ ਮੌਕੇ 'ਤੇ ਜਾ ਕੇ ਪੜਤਾਲ ਕੀਤੀ, ਜਿਸ ਤੋਂ ਬਾਅਦ ਪਰਾਲੀ ਦੀ ਅੱਗ ਦੇ 2392 ਮਾਮਲੇ ਨੋਟ ਕੀਤੇ ਗਏ ਹਨ ।

ਪ੍ਰਸ਼ਾਸ਼ਨ, ਪ੍ਰਦੂਸ਼ਣ ਵਿਭਾਗ ਅਤੇ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵੱਲੋਂ 2,343 ਮਾਮਲਿਆਂ ਵਿੱਚ 1,23,80,000 ਰੁਪਏ ਇਨਵਾਇਰਨਮੈਂਟ ਕੰਪਨਸੇਸ਼ਨ (ਜੁਰਮਾਨਾ) ਲਾਇਆ ਗਿਆ ਹੈ । ਇਸ ਤੋਂ ਇਲਾਵਾ 1928 ਮਾਮਲਿਆਂ ਵਿੱਚ ਅੱਗ ਲਾਉਣ ਲਈ ਜ਼ਿੰਮੇਵਾਰ ਪਾਏ ਗਏ ਕਿਸਾਨਾਂ ਖਿਲਾਫ ਬੀ.



ਐਨ. ਐਸ. ਦੀ ਧਾਰਾ 223 ਤਹਿਤ ਐਫ. ਆਈ. ਆਰ. ਦਰਜ ਕੀਤੀਆਂ ਗਈਆਂ ਹਨ ਅਤੇ 2147 ਮਾਮਲਿਆਂ ਵਿੱਚ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈਡ ਐਂਟਰੀਆਂ ਪਾਈਆਂ ਗਈਆਂ ਹਨ । ਨੋਡਲ ਅਫਸਰਾਂ 'ਤੇ ਵੀ ਸਖਤੀ ਵਰਤੀ ਗਈ ਹੈ ਅਤੇ ਹੁਣ ਤੱਕ ਸੂਬੇ ਵਿੱਚ 29 ਨੋਡਲ ਅਫਸਰ ਅਤੇ ਸੁਪਰਵਾਈਜ਼ਰਾਂ 'ਤੇ ਸੀ. ਏ. ਕਿਊ. ਐਮ. ਐਕਟ ਦੀ ਧਾਰਾ 4 ਤਹਿਤ ਅਦਾਲਤੀ ਕਾਰਵਾਈ ਕੀਤੀ ਗਈ ਹੈ। ਖੇਤੀਬਾੜੀ ਵਿਭਾਗ ਦੇ ਇੰਜੀਨੀਅਰਿੰਗ ਵਿਭਾਗ ਦੇ ਜੁਆਇੰਟ ਡਾਇਰੈਕਟਰ ਇੰਜ. ਜਗਦੀਸ਼ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਪਰਾਲੀ ਦੇ ਇਨਸਿਟੂ ਤੇ ਐਕਸਿਟੂ ਪ੍ਰਬੰਧਨ ਲਈ ਇਸ ਸਾਲ 10,000 ਤੋਂ ਵੱਧ ਵੱਖ-ਵੱਖ ਤਰ੍ਹਾਂ ਦੀਆਂ ਮਸ਼ੀਨਾਂ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ । 2018 ਤੋਂ ਲੈ ਕੇ ਇਸ ਸੀਜ਼ਨ ਤੱਕ ਪਿਛਲੇ 8 ਸਾਲਾਂ ਦੌਰਾਨ ਸਰਕਾਰ ਵੱਲੋਂ ਕਿਸਾਨਾਂ ਨੂੰ 1,58,000 ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਜਾ ਚੁੱਕੀਆਂ ਹਨ । ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਆਈਆਂ ਕੇਂਦਰੀ ਟੀਮਾਂ ਵੀ ਇਸ ਗੱਲ 'ਤੇ ਤਸੱਲੀਬਖਸ਼ ਕਰਕੇ ਗਈਆਂ ਹਨ ਕਿ ਪੰਜਾਬ ਦੇ ਕਿਸਾਨ ਵੱਡੇ ਪੱਧਰ 'ਤੇ ਮਸ਼ੀਨਾਂ ਰਾਹੀਂ ਪਰਾਲੀ ਦਾ ਪ੍ਰਬੰਧਨ ਕਰਕੇ ਪਰਾਲੀ ਦੀ ਅੱਗ ਤੋਂ ਪਾਸਾ ਵੱਟ ਰਹੇ ਹਨ ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਨੇ ਦੱਸਿਆ ਕਿ ਹਰੇਕ ਜ਼ਿਲ੍ਹੇ ਵਿੱਚ ਗਠਿਤ ਕੀਤੀਆਂ ਵਿਭਾਗੀ ਟੀਮਾਂ ਵੱਲੋਂ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਦੇ ਨਾਲ ਹੀ ਕਿਸਾਨਾਂ ਵਿੱਚ ਪਰਾਲੀ ਪ੍ਰਬੰਧਨ ਦੇ ਸਹੀ ਢੰਗਾਂ ਅਤੇ ਖੇਤਾਂ ਵਿੱਚ ਅੱਗ ਨਾ ਲਾਉਣ ਪ੍ਰਤੀ ਜਾਗਰੂਕ ਕਰਨ ਲਈ ਵਿਆਪਕ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚਲਾਉਂਦੀਆਂ ਰਹੀਆਂ ਹਨ । ਇਹ ਮੁਹਿੰਮਾਂ ਲਗਾਤਾਰ ਚਲਾਈਆਂ ਜਾਂਦੀਆਂ ਹਨ ਅਤੇ ਪਰਾਲੀ ਨਾ ਸਾੜਨ ਵਾਲੇ ਜਾਗਰੂਕ ਕਿਸਾਨਾਂ ਦੀਆਂ ਸੇਵਾਵਾਂ ਵੀ ਹੋਰਨਾਂ ਨੂੰ ਜਾਗਰੂਕ ਕਰਨ ਵਾਸਤੇ ਲਈਆਂ ਜਾਂਦੀਆਂ ਹਨ ।

# ਪੰਜਾਬ ਵੱਡੇ ਟਰੈਕਟਰ ਖਰੀਦਣ ਵਿੱਚ ਦੇਸ਼ ਭਰ ਵਿੱਚੋਂ ਮੋਹਰੀ

## ਕਿਸਾਨਾਂ ਲਈ ਵੱਡੇ ਟਰੈਕਟਰ ਖਰੀਦਣਾ ਸ਼ੌਕ ਦੇ ਨਾਲ ਬਣਿਆ ਮਜ਼ਬੂਰੀ

ਪੰਜਾਬ ਵਿੱਚ ਵੱਡੇ ਟਰੈਕਟਰ ਖ਼ਰੀਦਣ ਦਾ ਰੁਝਾਨ ਲਗਾਤਾਰ ਵਧਿਆ ਹੈ । ਜਿੱਥੇ ਪਹਿਲਾਂ 35 ਤੋਂ 45 ਐੱਚ.ਪੀ. ਵਾਲੇ ਟਰੈਕਟਰਾਂ ਨਾਲ ਖੇਤੀ ਕੀਤੀ ਜਾਂਦੀ ਸੀ ਉਨ੍ਹਾਂ ਦੀ ਥਾਂ ਹੁਣ 50 ਤੋਂ 65 ਐੱਚ.ਪੀ. ਵਾਲੇ ਟਰੈਕਟਰਾਂ ਨੇ ਲੈ ਲਈ ਹੈ । ਭਾਵੇਂ ਕਿ ਕੁੱਝ ਲੋਕਾਂ ਵੱਲੋਂ ਵੱਡੇ ਟਰੈਕਟਰ ਨੂੰ 'ਸਟੇਟਸ ਸਿੰਬਲ' ਮੰਨਿਆ ਜਾਂਦਾ ਹੈ ਪਰ ਦੂਜੇ ਪਾਸੇ ਖੇਤੀ ਪ੍ਰਬੰਧਾਂ ਲਈ 50 ਤੋਂ 65 ਹਾਰਸ ਪਾਵਰ ਵਾਲੇ ਟਰੈਕਟਰ ਖ਼ਰੀਦਣਾ ਕਿਸਾਨਾਂ ਦੀ ਮਜ਼ਬੂਰੀ ਵੀ ਬਣ ਚੁੱਕੀ ਹੈ ਕਿਉਕਿ ਨਵੀਂ ਆਈ ਭਾਰੀ ਮਸ਼ੀਨਰੀ ਨੂੰ ਚਲਾਉਣ ਲਈ ਛੋਟੇ ਟਰੈਕਟਰ ਸਮਰੱਥ ਨਹੀਂ ਹਨ । ਕੇਂਦਰੀ ਆਵਾਜਾਈ ਰਜਿਸਟ੍ਰੇਸ਼ਨ ਡਾਟਾ ਮੁਤਾਬਿਕ ਸਾਲ 2020 ਤੱਕ ਪੰਜਾਬ ਵਿੱਚ 4,68,532 ਟਰੈਕਟਰ ਰਜਿਸਟਰਡ ਸਨ । ਇਹ ਗਿਣਤੀ ਪਿਛਲੇ ਕੁੱਝ ਸਾਲਾਂ ਵਿੱਚ ਲਗਾਤਾਰ ਵੱਧਦੀ ਰਹੀ ਹੈ । 2022-23 ਦੌਰਾਨ ਟਰੈਕਟਰ ਰਜਿਸਟ੍ਰੇਸ਼ਨ ਵਿੱਚ ਲਗਾਤਾਰ ਵਾਧਾ ਦਰਜ ਹੋਇਆ ਅਤੇ 2023 ਵਿੱਚ ਮਹੀਨਾਵਾਰ ਔਸਤ ਰਜਿਸਟ੍ਰੇਸ਼ਨ 9,600 ਯੂਨਿਟਾਂ ਤੱਕ ਪਹੁੰਚ ਗਈ ਜੋ ਪਿਛਲੇ ਸਾਲਾਂ ਨਾਲੋਂ ਕਾਫ਼ੀ ਵੱਧ ਹੈ । ਫੈਡਰੇਸ਼ਨ ਆਫ਼ ਆਟੋਮੋਬਾਇਲ ਡੀਲਰਜ਼ ਐਸੋਸੀਏਸ਼ਨ ਅਨੁਸਾਰ ਟਰੈਕਟਰ ਖਰੀਦਣ ਵਿੱਚ ਉੱਤਰ ਪ੍ਰਦੇਸ਼ ਸਭ ਤੋਂ ਅੱਗੇ ਹੈ ਪਰ ਉੱਚ ਹਾਰਸ ਪਾਵਰ ਵਾਲੇ ਟਰੈਕਟਰਾਂ ਦੀ



ਖ਼ਰੀਦ ਵਿੱਚ ਪੰਜਾਬ ਪਹਿਲੇ ਸਥਾਨ 'ਤੇ ਹੈ, ਮਾਰਕੀਟ ਰਿਪੋਰਟਾਂ ਅਨੁਸਾਰ ਮਈ 2025 ਵਿੱਚ 50 ਹਾਰਸ ਪਾਵਰ ਤੋਂ ਵੱਧ ਵਾਲੇ ਟਰੈਕਟਰਾਂ ਦੀ ਵਿਕਰੀ 565 ਯੂਨਿਟ ਦਰਜ ਕੀਤੀ ਗਈ, ਜਿਸ ਨਾਲ ਪੰਜਾਬ ਨੇ ਦੇਸ਼ ਪੱਧਰ 'ਤੇ ਸਭ ਤੋਂ ਵੱਧ ਉੱਚ ਸਮਰੱਥਾ ਵਾਲੇ ਟਰੈਕਟਰ ਵੇਚਣ ਵਾਲੇ ਰਾਜ ਦਾ ਸਥਾਨ ਹਾਸਲ ਕੀਤਾ ਹੈ। ਖੇਤੀ ਵਿੱਚ ਆਧੁਨਿਕ ਮਸ਼ੀਨਰੀ ਜਿਵੇਂ ਹੈਪੀ ਸੀਡਰ, ਸੁਪਰ ਸੀਡਰ, ਰੋਟਾਵੇਟਰ ਤੇ ਬੇਲਰ ਪ੍ਰੈਸ ਦੀ ਵਰਤੋਂ ਲਈ ਵੱਡੇ ਟਰੈਕਟਰਾਂ ਦੀ ਲੋੜ ਹੁੰਦੀ ਹੈ । ਇਸ ਕਾਰਨ ਕਿਸਾਨਾਂ ਲਈ ਇਹ ਸਿਰਫ਼ ਤਕਨੀਕੀ ਲੋੜ ਨਹੀਂ, ਸਗੋਂ ਖੇਤੀ ਦੇ ਬਦਲਦੇ ਢਾਂਚੇ ਦੀ ਹਕੀਕਤ ਬਣ ਚੁੱਕੀ ਹੈ । ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਮੌਜੂਦਾ ਹਾਲਾਤ ਵਿੱਚ ਛੋਟੇ ਟਰੈਕਟਰਾਂ ਦੀ ਵਰਤੋਂ ਸੀਮਤ ਹੋ ਚੁੱਕੀ ਹੈ । ਉੱਚ ਸਮਰੱਥਾ ਵਾਲੇ ਟਰੈਕਟਰ ਨਾ ਸਿਰਫ਼ ਉਤਪਾਦਕਤਾ ਵਧਾਉਂਦੇ ਹਨ, ਸਗੋਂ ਸਮੇਂ ਦੀ ਬੱਚਤ ਤੇ ਖਰਚੇ ਵਿੱਚ ਕਮੀ ਵੀ ਲਿਆਉਂਦੇ ਹਨ । ਇਸ ਲਈ ਹੁਣ ਵੱਡਾ ਟਰੈਕਟਰ ਕਿਸਾਨ ਲਈ ਸਿਰਫ਼ ਸ਼ੌਕ ਹੀ ਨਹੀਂ, ਸਗੋਂ ਖੇਤੀ ਦੀ ਲੋੜ ਬਣ ਗਿਆ ਹੈ । ਦੂਜੇ ਪਾਸੇ ਪਿੰਡਾਂ ਵਿੱਚ ਵੱਡੇ ਟਰੈਕਟਰ ਹੁਣ ਕਮਾਈ ਦਾ ਸਾਧਨ ਵੀ ਬਣ ਗਏ ਹਨ । ਕਈ ਨੌਜਵਾਨ ਟਰੈਕਟਰ ਤੇ ਮਸ਼ੀਨਰੀ ਕਿਰਾਏ 'ਤੇ ਚਲਾ ਕੇ ਵਾਧੂ ਆਮਦਨੀ ਕਮਾ ਰਹੇ ਹਨ ।

# ਪੰਜਾਬ ਦੀ ਖੇਤੀ ਨੂੰ ਕਿਹੜੇ ਸੁਧਾਰਾਂ ਦੀ ਲੋੜ

ਪੰਜਾਬ ਦੀ ਜ਼ਮੀਨ ਉਪਜਾਊ ਹੈ ਅਤੇ ਤਕਰੀਬਨ 98 ਪ੍ਰਤੀਸ਼ਤ ਵਿੱਚ ਸਿੰਜਾਈ ਦਾ ਪ੍ਰਬੰਧ ਹੈ। ਕਿਸਾਨ ਮਿਹਨਤੀ ਹਨ । ਇਸ ਲਈ ਮੌਸਮ ਨੂੰ ਢੁਕਵੀਂ ਹਰ ਫ਼ਸਲ ਪੈਦਾ ਕੀਤੀ ਜਾ ਸਕਦੀ ਹੈ ਜਿਸ ਦੀ ਮੰਡੀ ਵਿੱਚ ਮੰਗ ਹੋਵੇ । ਪਰ ਖੇਤੀ ਨੂੰ ਹੋਰ ਪ੍ਰਫੁੱਲਿਤ ਕਰਨ ਦੀ ਅਤੇ ਲਾਹੇਵੰਦ ਬਣਾਉਣ ਲਈ ਜਿਹੜੇ ਉਪਰਾਲੇ ਕਰਨ ਦੀ ਲੋੜ ਹੈ ਉਹ ਇਹ ਹਨ :

ਇਸ ਵੇਲੇ ਪੰਜਾਬ ਵਿੱਚ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੈ । ਪਾਣੀ ਦਾ ਬੈਲੇਂਸ ਨੈਗੇਟਿਵ ਹੋਣ ਕਰ ਕੇ ਧਰਤੀ ਹੇਠਲਾ ਪਾਣੀ ਹਰ ਸਾਲ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਫ਼ਸਲ ਪਾਲਣ ਲਈ ਕਿਸਾਨਾਂ ਦਾ ਅਤੇ ਸਰਕਾਰ ਦਾ ਹਰ ਸਾਲ ਕਰੋੜਾਂ ਰੁਪਏ ਖ਼ਰਚਾ ਵੱਧ ਰਿਹਾ ਹੈ। ਅੰਕੜਿਆਂ ਅਨੁਸਾਰ 1970-71 ਵਿੱਚ ਸੂਬੇ ਦਾ 71 ਫ਼ੀਸਦੀ ਰਕਬਾ ਸਿੰਚਾਈ ਹੇਠ ਸੀ ਅਤੇ ਇਸ ਵਿੱਚੋਂ 80 ਫ਼ੀਸਦੀ ਤੋਂ ਵੱਧ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ ਜਦਕਿ ਬਾਕੀ ਇੱਕ ਲੱਖ 92 ਹਜ਼ਾਰ ਟਿਊਬਵੈੱਲਾਂ ਨਾਲ । ਅੱਜ ਪੰਜਾਬ ਦੇ 98 ਫ਼ੀਸਦੀ ਰਕਬੇ ਵਿੱਚ ਸਿੰਜਾਈ ਹੁੰਦੀ ਹੈ । ਇਸ ਵਿੱਚ ਸਿਰਫ਼ 26 ਫ਼ੀਸਦੀ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ । ਇਸ ਦੇ ਸੁਧਾਰ ਲਈ ਸੱਭ ਤੋਂ ਪਹਿਲਾਂ ਨਵੇਂ ਸਿਰੇ ਤੋਂ ਦਰਿਆਈ ਪਾਣੀ ਦੀ ਅਸੈਸਮੈਂਟ ਕਰਨੀ ਚਾਹੀਦੀ ਹੈ । ਆਮ ਧਾਰਨਾ ਹੈ ਮੌਸਮ ਦੀ ਤਬਦੀਲੀ ਨਾਲ ਦਰਿਆਵਾਂ ਵਿਚ ਪਾਣੀ ਘੱਟ ਗਿਆ । ਇਸ ਵੇਲੇ ਦਰਿਆਵਾਂ ਵਿੱਚ ਕਿੰਨਾ ਪਾਣੀ ਹੈ ਅਤੇ ਪੰਜਾਬ ਦੇ ਹਿੱਸੇ ਕਿੰਨਾ ਪਾਣੀ ਆ ਰਿਹਾ ਹੈ ਅਤੇ ਧਰਤੀ ਹੇਠਲਾ ਪਾਣੀ ਸਟੇਬਲ ਰੱਖ ਕੇ (ਇਸ ਤੋਂ ਹੋਰ ਹੇਠਾਂ ਨਾ



ਜਾਵੇ) ਇਸ ਦਾ ਵੀ ਅੰਦਾਜ਼ਾ ਲਾਇਆ ਜਾਵੇ ਕਿ ਕੁੱਲ ਕਿੰਨਾ ਪਾਣੀ ਸਾਲਾਨਾ ਵਰਤਣਯੋਗ ਹੈ । ਦੂਜਾ ਦਰਿਆਈ ਪਾਣੀ ਦੀ ਖੇਤੀ ਲਈ ਵਰਤੋਂ ਨੂੰ ਦੇਸ਼ ਦੇ ਹਿੱਤ ਵਿੱਚ ਇਸ ਢੰਗ ਨਾਲ ਵਰਤਿਆ ਜਾਵੇ ਕਿ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾਵੇ ਨਾ ਕਿ ਉਸ ਨੂੰ 650 ਕਿਲੋਮੀਟਰ ਖੁੱਲ੍ਹੀਆਂ ਨਹਿਰਾਂ ਵਿੱਚ ਲਿਜਾ ਕੇ ਵਾਸ਼ਪੀਕਰਨ ਕਰਵਾਈ ਜਾਵੇ ਜਾਂ ਸੀਪੇਜ਼ ਕਰ ਕੇ ਸੇਮ ਵਰਗੀਆਂ ਨਵੀਆਂ ਸਮੱਸਿਆਵਾਂ ਪੈਦਾ ਕੀਤੀਆਂ ਜਾਣ । ਪੀਣ ਵਾਲਾ ਸਾਫ਼ ਪਾਣੀ ਹਰ ਥਾਂ ਪਹੁੰਚਾਇਆ ਜਾਵੇ ਪਰ ਖੇਤੀ ਲਈ ਪਾਣੀ ਦੀ ਵਰਤੋਂ ਪ੍ਰਤੀ ਯੂਨਿਟ ਪੈਦਾਵਾਰ ਦੇ ਹਿਸਾਬ ਨਾਲ ਕੀਤੀ ਜਾਵੇ । ਇਸ ਤੋਂ ਅੱਗੇ ਫ਼ਸਲੀ ਚੱਕਰ ਪਾਣੀ ਦੀ ਉਪਲਬੱਧਤਾ ਦੇ ਹਿਸਾਬ ਨਾਲ ਅਪਣਾਇਆ ਜਾਵੇ । ਧਾਨ ਅਤੇ ਗੰਨੇ ਵਰਗੀਆਂ ਜ਼ਿਆਦਾ ਪਾਣੀ ਲੈਣ ਵਾਲੀਆਂ ਫ਼ਸਲਾਂ ਤੋਂ ਕਿਨਾਰਾ ਕੀਤਾ ਜਾਵੇ । ਜ਼ਮੀਨ ਹੇਠਲੇ ਪਾਣੀ ਦੀ ਰੀਚਾਰਜਿੰਗ ਲਈ ਡੈਮਾਂ ਤੋਂ ਹੇਠਾਂ ਵੱਲ ਜਿੰਨੇ ਵੀ ਨਾਲੇ ਵਗਦੇ ਹਨ ਸਭ ਵਿਚਾਲੇ ਰੀਚਾਰਜਿੰਗ ਵੇਲੇ ਸਰਕਾਰ ਵਲੋਂ ਬਣਾਉਣੇ ਚਾਹੀਦੇ ਹਨ । ਇਸੇ ਤਰ੍ਹਾਂ ਜਿੰਨੇ ਮੋਘੇ ਹਨ ਉਨ੍ਹਾਂ ਕੋਲ ਵੀ ਰੀਚਾਰਜਿੰਗ ਵੈਲ ਬਣਾਉਣੇ ਚਾਹੀਦੇ ਹਨ ਤਾਂਕਿ ਜਦੋਂ ਕਦੇ ਬਾਰਸ਼ ਜ਼ਿਆਦਾ ਪੈ ਜਾਂਦੀ ਹੈ ਤਾਂ ਨਹਿਰੀ ਪਾਣੀ ਰੀਚਾਰਜਿੰਗ ਲਈ ਵਰਤਿਆ ਜਾਵੇ । ਕਿਸਾਨ ਮੋਘਾ ਬੰਦ ਕਰਦੇ ਹਨ ਤਾਂ ਸੂਏ ਟੁੱਟਦੇ ਹਨ ਅਤੇ ਫ਼ਸਲ ਖ਼ਰਾਬ ਹੁੰਦੀ ਹੈ। ਸਰਕਾਰ ਨੂੰ ਮੁਰਮੰਤ 'ਤੇ ਖ਼ਰਚਾ ਕਰਨਾ ਪੈਂਦਾ ਹੈ। ਫ਼ਸਲੀ ਵਿਭਿੰਨਤਾ ਦੀ ਪੰਜਾਬ ਵਿੱਚ ਸਭ ਤੋਂ ਵੱਧ ਲੋੜ ਹੈ ਦਾਲਾਂ, ਤੇਲ ਬੀਜ, ਮੱਕੀ ਆਦਿ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਇਨ੍ਹਾਂ ਦੀਆਂ ਨਵੀਆਂ ਹੀਈਬ੍ਰਿਡ ਵਰਾਇਟੀਆਂ ਕੱਢਣੀਆਂ ਚਾਹੀਦੀਆਂ ਹਨ । ਜਿਨ੍ਹਾਂ ਦਾ ਝਾੜ ਵੱਧ ਹੋਵੇ ਅਤੇ ਉਹ ਇੱਕ ਸਾਰ ਪੱਕਣ ਅਤੇ ਮਸ਼ੀਨਾਂ ਨਾਲ ਕੱਟੀਆਂ ਜਾ ਸਕਣ । ਦੂਜੀ ਗੱਲ ਹੈ ਕਿ ਨਿਰਧਾਰਤ ਮੁੱਲ ਵਧਾਇਆ ਜਾਵੇ ਤਾਂ ਜੋ ਆਮਦਨ ਝੋਨੇ ਦੇ ਬਰਾਬਰ ਦੀ ਹੋ ਜਾਵੇ । ਜਿਹੜੀਆਂ ਫ਼ਸਲਾਂ ਦੀ ਸਰਕਾਰੀ ਖ਼ਰੀਦ ਨਹੀਂ ਉਨ੍ਹਾਂ ਦੀ ਵੀ ਘੱਟ-ਘੱਟ ਕੀਮਤ ਕਿਸਾਨ ਨੂੰ ਮਿਲੇ । ਝੋਨੇ ਹੇਠੋਂ ਕੁੱਝ ਰਕਬਾ ਨਰਮੇ ਹੇਠ ਵਧਾਇਆ ਜਾ ਸਕਦਾ ਹੈ । ਪਰ ਇਸ ਵਿੱਚ ਚੁਗਾਈ ਵੇਲੇ ਲੇਬਰ ਦੀ ਕਿੱਲਤ ਆਉਂਦੀ ਹੈ ਅਤੇ ਚੁਗਾਈ ਤੇ ਖ਼ਰਚਾ ਕੁੱਲ ਫ਼ਸਲ ਦੀ ਵੱਟਕ ਦਾ ਦਸਵਾਂ ਹਿੱਸਾ ਲੱਗ ਜਾਂਦਾ ਹੈ । ਜਿਹੜੀਆਂ ਕਿਸਮਾਂ ਪ੍ਰਚਲਤ ਹਨ ਉਹ ਨਾ ਤਾਂ ਇੱਕਸਾਰ ਖਿੜਦੀਆਂ ਹਨ ਅਤੇ ਨਾ ਹੀ ਪੱਤੇ ਝਾੜਦੀਆਂ ਹਨ । ਇਸ ਲਈ ਮਸ਼ੀਨੀ ਚੁਗਾਈ ਹੋ ਨਹੀਂ ਸਕਦੀ । ਇਸ ਲਈ ਨਰਮੇ ਤੇ ਵੀ ਹੋਰ ਖੋਜ ਦੀ ਲੋੜ ਹੈ । ਇਸੇ ਤਰ੍ਹਾਂ ਹਾੜੀ ਦੀ ਫ਼ਸਲ ਵਿੱਚ ਵੀ ਕੁੱਝ ਰਕਬਾ ਕਣਕ ਹੇਠੋਂ ਕੱਢ ਕੇ ਤੇਲ ਬੀਜਾਂ ਹੇਠਾਂ ਲਿਆਂਦਾ ਜਾ ਸਕਦਾ ਹੈ ਪਰ ਉਸ ਵਿੱਚ ਵੀ ਕਿਸਮਾਂ ਨੂੰ ਮਸ਼ੀਨੀ ਕਟਾਈ ਦੇ ਅਨੁਕੂਲ ਕਰਨ ਦੀ ਲੋੜ ਹੈ । ਅਸਲੀਅਤ ਵਿੱਚ ਫ਼ਸਲੀ ਵਿਭਿੰਨਤਾ ਦਾ ਆਧਾਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਡੀ ਵਿੱਚ ਮੰਗ ਦੇ ਆਧਾਰਤ ਹੋਣੀ ਚਾਹੀਦੀ ਹੈ ਤਾਂਕਿ ਜੋ ਵੀ ਉਪਜ ਪੈਦਾ ਕੀਤੀ ਜਾਵੇ ਉਸ ਦੀ ਮੰਡੀ ਵਿੱਚ ਵਿਕਣ ਦੀ ਸਮੱਸਿਆ ਨਾ ਆਵੇ ਅਤੇ ਕਿਸਾਨ ਨੂੰ ਲਾਭਕਾਰੀ ਮੁੱਲ ਮਿਲ ਜਾਵੇ ।